# ਸਾਡੀ ਸਿਖਿਆ

('ਹਮਾਰੀ ਤਾਲੀਮ' ਦਾ ਪੰਜਾਬੀ ਉਲਥਾ)

ਬਾਨੀ ਜਮਾਅਤ ਅਹਿਮਦੀਆ
ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ
ਅਲੈਹਿਸਲਾਮ ,ਦੀ ਸਿਖਿਆਵਾਂ

## ਕਿਤਾਬ ਕਿਸ਼ਤੀ - ਏ - ਨੂਹ 'ਚੋਂ

ਅਨੁਵਾਦਕ
ਗਿਆਨੀ ਤਨਵੀਰ ਅਹਿਮਦ ਖ਼ਾਦਿਮ

PUBLISHED BY
**NAZARAT NASHR - WA - ISHAAT**

SADR ANJUMAN AHMADIYYA, QADIAN

# SADI SIKHIYA

( Punjabi Translation of HAMARI TALEEM)

*Notes from* **'KISHTI NUH'**

by

Hazrat Mirza Ghulam Ahmad Qadiani

Punjabi Translation

by

**Tanweer Ahmad Khadim**

Copies: 5,000

Published by

**NAZARAT NASHR - WA - ISHAAT**

Sadr Anjuman Ahmadiyya, Qadian-143516

Distt . Gurdaspur (pb.) INDIA

ph : 0091- (o) 1872-20749

fax : 0091- (o) 1872 -20105

*printer :*

Fazl - E - Umar printing press, Mohalla Ahmadiyya Qadian.

# ਮਿੱਤਰੋ ! ਇਕ ਨਜ਼ਰ ਖ਼ੁਦਾ ਲਈ

ਇਸ ਜੁਗ ਵਿੱਚ ਜਦ ਕਿ ਸਾਡੇ ਭੌਤਿਕਵਾਦ ਦੇ ਵਾਤਾਵਰਣ ਨੇ ਬਹੁਤੇ ਲੋਕਾਂ ਦੇ ਦਿਲਾਂ ਤੇ ਕਈ ਪ੍ਰਕਾਰ ਦੇ ਅੰਧਕਾਰ ਦੇ ਪਰਦੇ ਪਾ ਦਿੱਤੇ ਹਨ ਅਤੇ ਉਹ ਈਮਾਨ ਦਾ ਦਾਵਾ ਕਰਦੇ ਹੋਏ ਵੀ ਸੱਚੀ ਈਮਾਨੀ ਹਾਲਤ ਤੋਂ ਵੰਚਿਤ ਅਤੇ ਇਕ ਈਸ਼ਵਰਵਾਦ ਦੀ ਵਾਸਤਵਿਕਤਾ ਤੋਂ ਅਪਰਿਚਿਤ ਹਨ। ਮੇਰੇ ਦਿਲ ਵਿੱਚ ਇਹ ਪ੍ਰਬਲ ਇੱਛਾ ਹੋਈ ਕਿ ਮੈਂ ਅਜਿਹੇ ਲੋਕਾਂ ਲਈ ਜੋ ਸੱਚਾਈ ਦੇ ਤਾਲਬ ਹਨ ਜਮਾਤ ਅਹਿਮਦੀਆ ਦੇ ਪਵਿੱਤਰ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਕਾਦੀਆਨੀ ਅਲੈਹਿੱਸਲਾਮ ਦੀ ਸਿੱਖਿਆ ਦਾ ਸਾਰ ਪੇਸ਼ ਕਰਾਂ ਜੋ ਹਜ਼ੂਰ ਨੇ ਅਪਣੀ ਪ੍ਰਸਿੱਧ ਪੁਸਤਕ ਕਿਸ਼ਤੀ ਨੂਹ ਵਿੱਚ ਇਸ ਜੁੱਗ ਦੇ ਪੱਥ ਭਰਿਸ਼ਟਾਕਾਰੀ ਭਿਆਨਕ ਤੂਫ਼ਾਨ ਤੋਂ ਸੁਰੱਖਿਅਤ ਰਹਿਣ ਲਈ ਰਚੀ ਹੈ। ਇਸ ਕਿਤਾਬ ਵਿੱਚ ਅਸਲ ਸੰਬੋਧਿਤ ਤਾਂ ਜਮਾਤ ਅਹਿਮਦੀਆ ਹੈ, ਪਰ ਕਈ ਭਾਗਾਂ ਵਿੱਚ ਦੂਜੇ ਮੁਸਲਮਾਨਾਂ ਨੂੰ ਵੀ ਸੰਬੋਧਿਤ ਕੀਤਾ ਗਿਆ ਹੈ, ਅਸਲ ਵਿੱਚ ਇਹ ਉਹ ਦੀਪ ਹੈ ਜਿਸ ਤੋਂ ਹਰ ਮੁਸਲਮਾਨ ਸਗੋਂ ਹਰ ਇੱਕ ਮਨੁੱਖ ਜੋ ਸੱਚਾਈ ਤੇ ਰੂਹਾਨੀਅਤ (ਅਧਿਆਤਮਿਕਤਾ) ਦੀ ਤੜਪ ਰੱਖਦਾ ਹੈ ਅਪਣੇ ਦਿਲ ਦਾ ਬੁਝਿਆ ਹੋਇਆ ਚਿਰਾਗ ਮੁੜ ਜਗਾ ਸਕਦਾ ਹੈ। ਇਹ ਸਾਰ ਆਪ (ਹਜ਼ਰਤ ਮਸੀਹ ਮੌਊਦ ਅਲੈਹਿੱਸਲਾਮ) ਦੇ ਆਪਣੇ ਸਬਦਾਂ ਵਿੱਚ ਹੈ। ਇਸ ਲਈ ਉਹ ਉੱਨ੍ਹਾ ਸਾਰੀਆਂ ਬਰਕਤਾਂ ਤੇ ਵਰਦਾਨਾਂ ਤੋਂ ਭਰਪੂਰ ਹੈ ਜੋ ਇੱਕ ਪਵਿੱਤਰ ਅਤੇ ਈਸ਼ਵਰ – ਪ੍ਰੇਮਰਤ ਮਨੁੱਖ ਦੇ ਦਿਲ ਤੇ ਅਸਮਾਨ ਤੋਂ ਉਤਰਦਾ ਹੈ। ਮਿੱਤਰੋ ! ਪੜ੍ਹੋ ਅਤੇ ਲਾਭ ਉਠਾਓ ਅਤੇ ਫ਼ਿਰ ਪੜ੍ਹੋ ਤੇ ਲਾਭ ਉਠਾਓ। ਦਾਸ

*ਮਿਰਜ਼ਾ ਬਸ਼ੀਰ ਅਹਿਮਦ*

**22 ਸਤੰਬਰ 1958**

# ਸਾਡੀ ਸਿੱਖਿਆ

ਚੇਤੇ ਰਹੇ ਕਿ ਕੇਵਲ ਜ਼ਬਾਨ ਨਾਲ ਬੈਅਤ (ਅਹਿਮਦੀ ਹੋਣਦਾ) ਦਾ ਕਰਾਰ ਕਰਨਾ ਕੋਈ ਚੀਜ਼ ਨਹੀਂ ਜੱਦ ਤੱਕ ਉਸ ਤੇ ਦਿਲ ਦੀ ਢੂੰਘਿਆਈ ਨਾਲ ਅਮਲ ਨਾ ਕੀਤਾ ਜਾਵੇ। ਸੋ, ਜਿਹੜਾ ਮਨੁੱਖ ਮੇਰੀ ਸਿੱਖਿਆ ਤੇ ਪੂਰਾ ਪੂਰਾ ਅਮਲ ਕਰਦਾ ਹੈ, ਉਹ ਮੇਰੇ ਉਸ ਘਰ ਵਿੱਚ ਦਾਖ਼ਲ ਹੋ ਜਾਂਦਾ ਹੈ ਜਿਸ ਬਾਰੇ ਅਲੱਹ ਦੀ ਬਾਨੀ ਵਿੱਚ ਵਾਅਦਾ ਹੈ।

إِنِّىْ أُحَافِظُ كُلَّ مَنْ فِى الدَّارِ

**ਇੰਨੀ ਉਹਾਫ਼ਿਜ਼ੋ ਕੁੱਲਾ ਮੰਨ ਫ਼ਿੱਦਾਰਿ।**

ਅਰਥਾਤ,ਹਰ ਇੱਕ ਜੋ ਤੇਰੇ ਘਰ ਦੀ ਚਾਰ ਦੀਵਾਰੀ ਦੇ ਅੰਦਰ ਹੈ ਮੈਂ ਉਸ ਨੂੰ ਬਚਾਵਾਂਗਾ। ਇਸ ਥਾਂ ਇਹ ਨਹੀਂ ਸਮਝਨਾ ਚਾਹੀਦਾ ਕਿ ਕੇਵਲ ਉਹੀ ਮੇਰੇ ਘਰ ਦੇ ਅੰਦਰ ਹਨ ਜਿਹੜੇ ਮੇਰੇ ਇਸ ਮਿੱਟੀ ਦੇ ਘਰ ਵਿੱਚ ਰਿਹਾਇਸ਼ ਰੱਖਦੇ ਹਨ ਸਗੋਂ ਉਹ ਲੋਕ ਵੀ ਜੋ ਮੇਰੀ ਪੂਰੀ ਪੂਰੀ ਪੈਰਵੀ ਕਰਦੇ ਹਨ, ਮੇਰੇ ਇਸ ਰੂਹਾਨੀ ਘਰ ਵਿੱਚ ਦਾਖ਼ਲ ਹਨ।

ਪੈਰਵੀ ਕਰਨ ਲਈ ਇਹ ਗੱਲਾਂ ਜ਼ਰੂਰੀ ਹਨ ਕਿ ਓਹ ਯਕੀਨ ਕਰਨ ਕਿ ਉਹਨਾਂ ਦਾ ਇਕ ਕਾਦਰ, ਸ਼ਰਬਸ਼ਕਤੀਮਾਨ, ਸਰਬਵਿਆਪਕ ਤੇ ਸਿਰਜਨਹਾਰ ਅੱਲਾਹ ਹੈ ਜੋ ਆਪਣੇ ਗੁਣਾਂ ਵਿੱਚ ਆਦਿ ਤੋਂ ਅੰਤ ਤੱਕ ਇੱਕ ਸਾਰਤਾ ਰੱਖਦਾ ਹੈ ਤੇ ਨਾ ਬਦਲਣ ਵਾਲਾ ਹੈ, ਨਾ ਉਹ ਕਿਸੇ ਦਾ ਪੁਤੱਰ ਹੈ, ਨਾ ਕੋਈ ਉਸ ਦਾ ਪੁਤੱਰ ਹੈ। ਉਹ ਦੁੱਖ ਉਠਾਉਣ ਅਤੇ ਸਲੀਬ ਤੇ ਚੜ੍ਹਨ ਅਤੇ ਮਰਨ ਤੋਂ ਪਾਕ ਹੈ। ਓਹ ਅਜਿਹਾ ਹੈ ਕਿ ਬਾਵਜੂਦ ਦੂਰ ਹੋਣ ਦੇ ਨੇੜੇ ਹੈ ਅਤੇ ਬਾਵਜੁਦ ਇਕ ਹੋਣ ਦੇ ਉਸ ਦੇ ਜਲਵੇ ਵੱਖ – ਵੱਖ ਹਨ।

ਮਨੁੱਖ ਵੱਲੋਂ ਜੱਦ ਇਕ ਨਵੇਂ ਰੰਗ ਦੀ ਤਬਦੀਲੀ ਪਰਗਟ ਹੋਵੇ ਤਾਂ ਉਸ ਦੇ ਲਈ ਉਹ ਇੱਕ ਨਵਾਂ ਖ਼ੁਦਾ ਬਣ ਜਾਂਦਾ ਹੈ ਅਤੇ ਇੱਕ ਨਵੇਂ ਜਲਵੇ ਦੇ ਨਾਲ ਵਰਤਾਓ ਕਰਦਾ ਹੈ ਅਤੇ ਮਨੁੱਖ ਆਪਣੀ ਤਬਦੀਲੀ

ਅਨੁਸਾਰ ਰੱਬ ਵਿੱਚ ਵੀ ਤਬਦੀਲੀ ਵੇਖਦਾ ਹੈ, ਪਰ ਇਹ ਨਹੀਂ ਕਿ ਖ਼ੁਦਾ ਵਿੱਚ ਕੁੱਝ ਤਬਦੀਲੀ ਆ ਜਾਂਦੀ ਹੈ ਸਗੋਂ ਉਹ ਸ਼ੁਰੂ ਤੋਂ ਨਾ ਬਦਲਣ ਵਾਲਾ ਤੇ ਆਪਣੇ ਗੁਣਾਂ ਵਿੱਚ ਪੂਰਣਤਾ ਰੱਖਦਾ ਹੈ, ਪਰ ਇਨਸਾਨੀ ਤਬਦੀਲੀ ਵੇਲੇ ਜਦੋਂ ਨੇਕੀ ਵੱਲ ਉਸ ਦੀ ਤਬਦੀਲੀ ਹੁੰਦੀ ਹੈ ਤਾਂ ਖ਼ੁਦਾ ਵੀ ਇੱਕ ਨਵੇਂ ਜਲਵੇ ਨਾਲ ਉਸ ਤੇ ਪ੍ਰਗਟ ਹੁੰਦਾ ਹੈ ਅਤੇ ਹਰ ਇੱਕ ਉਨੱਤੀ ਦੀ ਅਵਸਥਾ ਸਮੇਂ ਜੋ ਮਨੁੱਖ ਤੇ ਪ੍ਰਗਟ ਹੁੰਦੀ ਹੈ ਸ਼ਰਬਸ਼ਕਤੀਮਾਨ ਅੱਲਾਹ ਦੇ ਜਲਵੇ ਵੀ ਇੱਕ ਨਵੀਂ ਉਨੱਤੀ ਦੇ ਨਾਲ ਪ੍ਰਗਟ ਹੁੰਦੇ ਹਨ। ਉਹ ਖ਼ਾਰਕ ਆਦਤ ਤੇ ਕੁਦਰਤ (ਅਜਿਹੀਆਂ ਗਲਾਂ ਜੋ ਮਨੁੱਖੀ ਤਾਕਤ ਤੋਂ ਬਾਹਰ ਹਨ) ਉਸੇ ਥਾਂ ਦਿਖਾਉਂਦਾ ਹੈ । ਜਿੱਥੇ ਖਾਰਕ ਆਦਤ ਤਬਦੀਲੀ ਪ੍ਰਗਟ ਹੁੰਦੀ ਹੈ । ਜਲਵਿਆਂ ਅਤੇ ਚਮਤਕਾਰਾਂ ਦੀ ਇਹੋ ਹੀ ਜੜ੍ਹ ਹੈ । ਇਹ ਖ਼ੁਦਾ ਹੈ ਜੋ ਸਾਡੀ ਜਮਾਤ ਦੀ ਸ਼ਰਤ ਹੈ ਇਸ ਤੇ ਈਮਾਨ ਲਿਆਓ ਆਪਣੀ ਜਾਨ, ਆਪਣੇ ਆਰਾਮਾਂ ਅਤੇ ਆਪਣੇ ਸਾਰੇ ਸਬੰਧਾਂ ਤੇ ਇਸ ਨੂੰ ਪਹਿਲ ਦਿਓ ਅਤੇ ਅਮਲੀ ਜਾਮੇ ਅਤੇ ਬਹਾਦੁਰੀ ਨਾਲ ਉਸ ਦੀ ਰਾਹ ਵਿੱਚ ਸੱਚਾਈ ਤੇ ਫ਼ਰਮਾਂਬਰਦਾਰੀ ਵਿਖਾਓ । ਦੁੰਨੀਆਂ ਆਪਣੇ ਧੱਨ ਪਦਾਰਥਾਂ ਤੇ ਆਪਣੇ ਪਿਆਰਿਆਂ ਤੇ ਉਸ ਨੂੰ ਪਹਿਲ ਨਹੀਂ ਦਿੰਦੀ ਪਰ ਤੁਸੀਂ ਉਸ ਨੂੰ ਪਹਿਲ ਦਿਓ । ਤਾਂ ਜੋ ਤੁਸੀਂ ਆਕਾਸ਼ ਤੇ ਉਸ ਦੀ ਜਮਾਤ ਵਿੱਚ ਲਿਖੇ ਜਾਓ ।

ਰਹਿਮਤ ਦੇ ਨਿਸ਼ਾਨ ਦਿਖਾਉਣਾ ਮੁੱਢ ਤੋਂ ਖ਼ੁਦਾ ਦੀ ਆਦਤ ਹੈ, ਪਰ ਤੁਸੀਂ ਇਸ ਅਵਸਥਾ ਵਿੱਚ ਇਸ ਆਦਤ ਨਾਲ ਭਾਗ ਲੈ ਸਕਦੇ ਹੋ ਕਿ ਤੁਹਾਡੇ ਵਿੱਚ ਤੇ ਉਸ ਵਿੱਚ ਕੋਈ ਜੁਦਾਈ ਨਾ ਰਹੇ ਅਤੇ ਤੁਹਾਡੀ ਮਰਜ਼ੀ ਉਸ ਦੀ ਮਰਜ਼ੀ ਅਤੇ ਤੁਹਾਡੀ ਇੱਛਾਵਾਂ ਉਸ ਦੀਆਂ ਇੱਛਾਂਵਾਂ ਹੋ ਜਾਣ ਅਤੇ ਤੁਹਾਡਾ ਸਿਰ ਹਰ ਵੇਲੇ ਇੱਛਾਵਾਂ ਦੀ ਪੂਰਨਤਾ ਤੇ ਅਪੂਰਨਤਾ ਦੇ ਸਮੇਂ ਉਸ ਦੀ ਹਜ਼ੂਰੀ ਵਿੱਚ ਝੁਕਿਆ ਰਹੇ ਤਾਂ ਜੋ ਚਾਹੇ ਸੋ ਕਰੇ , ਜੇ ਤੁਸੀਂ ਅਜਿਹਾ ਕਰੋਗੇ ਤਾਂ ਤੁਹਾਡੇ ਵਿੱਚ ਉਹ ਖ਼ੁਦਾ ਪ੍ਰਗਟ ਹੋਵੇਗਾ, ਜਿਸ

ਨੇ ਚੋਖੇ ਚਿਰਾਂ ਤੋਂ ਆਪਣਾ ਮੁੱਖ ਲੁਕਾ ਲਿਆ ਹੈ । ਕੀ ਕੋਈ ਤੁਹਾਡੇ ਵਿੱਚ ਹੈ, ਜੋ ਇਸ ਤੇ ਅਮਲ ਕਰੇ ਅਤੇ ਉਸ ਦੀ ਰਜ਼ਾ ਦਾ ਇੱਛੁਕ ਹੋ ਜਾਵੇ ਤੇ ਉਸ ਦੇ ਭਾਣੇ ਤੇ ਨਰਾਜ਼ ਨਾ ਹੋਏ ? (ਸਗੋਂ ਮਿੱਠਾ ਕਰਕੇ ਮੰਨੇ) ਸੋ ਤੁਸੀਂ ਦੁੱਖਾਂ ਨੂੰ ਵੇਖ ਕੇ ਹੋਰ ਵੀ ਕਦਮ ਅਗਾਂਹ ਵਧਾਓ, ਕਿ ਇਹ ਤੁਹਾਡੀ ਉਨੰਤੀ ਦਾ ਸਾਧਨ ਹੈ ਅਤੇ ਉਸ ਦੀ ਤੌਹੀਦ (ਇਕ ਈਸ਼ਵਰਵਾਦ) ਨੂੰ ਜ਼ਮੀਨ ਤੇ ਫ਼ੈਲਾਉਣ ਲਈ ਆਪਣੀ ਸਾਰੀ ਤਾਕਤ ਨਾਲ ਕੋਸ਼ਿਸ਼ ਕਰੋ ਅਤੇ ਉਸ ਦੇ ਬੰਦਿਆਂ ਤੇ ਰਹਿਮ ਕਰੋ । ਉਹਨਾਂ ਤੇ ਜ਼ਬਾਨ ਜਾਂ ਹੱਥ ਨਾਲ ਜਾਂ ਕਿਸੇ ਹੋਰ ਢੰਗ ਨਾਲ ਜ਼ੁਲਮ ਨਾ ਕਰੋ। ਮਖ਼ਲੂਕ ਦੀ ਭਲਾਈ ਲਈ ਕੋਸ਼ਿਸ਼ ਕਰਦੇ ਰਹੋ ਅਤੇ ਕਿਸੇ ਤੇ ਹੰਕਾਰ ਨਾ ਕਰੋ। ਭਾਵੇਂ ਉਹ ਆਪਣਾ ਮਾਤਹਿਤ (ਅਧੀਨ) ਹੀ ਕਿਉ ਨਾ ਹੋਵੇ । ਕਿਸੇ ਨੂੰ ਗਾਲ੍ਹ ਨਾ ਕੱਢੋ ਭਾਵੇਂ ਉਹ ਗਾਲ੍ਹਾਂ ਕਿਉ ਨਾ ਕੱਢਦਾ ਹੋਵੇ। ਗ਼ਰੀਬ, ਹਲੀਮ, ਨੇਕ ਤੇ ਮਖ਼ਲੂਕ ਦੇ ਹਮਦਰਦ ਬਨ ਜਾਓ ਤਾਂ ਜੋ ਕਬੂਲ ਕੀਤੇ ਜਾਓ । ਬਹੁਤ ਹਨ ਜਿਹੜੇ ਨਿਮਰਤਾ ਪ੍ਰਗਟ ਕਰਦੇ ਹਨ, ਪਰ ਅੰਦਰੋਂ ਭੇੜੀਏ ਹਨ । ਬਹੁਤ ਹਨ ਜੋ ਉਪਰੋਂ ਸਾਫ਼ ਹਨ, ਪਰ ਅੰਦਰੋਂ ਸੱਪ ਹਨ । ਸੋ ਤੁਸੀਂ ਉਸ (ਅਲੱਾਹ) ਦੀ ਹਜ਼ੂਰੀ ਵਿੱਚ ਕਬੂਲ ਨਹੀਂ ਹੋ ਸਕਦੇ, ਜੱਦ ਤੱਕ ਕਿ ਤੁਹਾਡੀ ਅੰਦਰੂਨੀ ਤੇ ਬੈਰੂਨੀ ਹਾਲਤ ਇੱਕੋ ਜਿਹੀ ਨਾ ਹੋਵੇ । ਵੱਡੇ ਹੋਕੇ ਛੋਟਿਆਂ ਤੇ ਰਹਿਮ ਕਰੋ, ਨਾ ਕਿ ਉਹਨਾਂ ਦੀ ਨਿੰਦਿਆ, ਵਿਦਵਾਨ ਹੋਕੇ ਨਾਦਾਨਾ (ਅਨਪੜ੍ਹਾਂ) ਨੂੰ ਨਸੀਹਤ ਕਰੋ, ਨਾ ਕਿ ਆਪ-ਵਿਖਾਵਾ ਕਰਕੇ ਉਹਨਾਂ ਦਾ ਅਪਮਾਨ । ਅਮੀਰ ਹੋਕੇ ਗਰੀਬਾਂ ਦੀ ਸੇਵਾ ਕਰੋ, ਨਾ ਕਿ ਖੁਦ ਪਸੰਦੀ ਨਾਲ ਉਹਨਾਂ ਤੇ ਹੰਕਾਰ । ਹਲਾਕਤ (ਤਬਾਹੀ) ਦੇ ਮਾਰਗ ਤੋਂ ਡਰੋ । ਰੱਬ ਤੋਂ ਡਰਦੇ ਰਹੋ ਤੇ ਸੰਜਮਤਾ ਗ੍ਰਹਿਣ ਕਰੋ । ਮਖ਼ਲੂਕ ਦੇ ਪੁਜਾਰੀ ਨਾ ਬਣੋ । ਸਗੋਂ ਆਪਣੇ ਰੱਬ ਵਲ ਪਰਤੋ ਅਤੇ ਦੁਨੀਆਂ ਨਾਲ ਦਿਲ ਨਾ ਲਾਓ ਖ਼ੁਦਾ ਦੇ ਹੋ ਜਾਓ, ਉਸ ਲਈ ਜੀਵਨ ਬਤੀਤ ਕਰੋ । ਉਸ ਲਈ ਹਰ ਅਪਵਿੱਤਰਤਾ ਤੇ ਪਾਪ ਤੋਂ ਘ੍ਰਿਣਾ ਕਰੋ । ਕਿਉਕਿ ਉਹ ਅਲੱਾਹ ਪਾਕ ਹੈ । ਚਾਹੀਦਾ ਹੈ ਕਿ ਹਰ ਸਵੇਰ ਤੁਹਾਡੇ ਲਈ ਇਹ ਗਵਾਹੀ ਦੇਵੇ ਕਿ ਤੁਸੀਂ ਸੰਜਮਤਾ ਨਾਲ ਰਾਤ

ਬਤੀਤ ਕੀਤੀ ਅਤੇ ਹਰ ਸ਼ਾਮ ਤੁਹਾਡੇ ਲਈ ਗਵਾਹੀ ਭਰੇ ਕਿ ਤੁਸੀ ਡਰਦੇ ਡਰਦੇ ਦਿਨ ਬਤੀਤ ਕੀਤਾ।

# ਦੁਨੀਆਂ ਦੀਆਂ ਲਾਅਨ੍ਹਤਾਂ ਤੋਂ ਨਾ ਡਰੋ

ਦੁਨੀਆਂ ਦੀਆਂ ਲਾਅਨ੍ਹਤਾਂ ਤੋਂ ਨਾਡਰੋ, ਕਿ ਉਹ ਧੂਏਂ ਵਾਂਗ ਵੇਖਦੇ ਵੇਖਦੇ ਅਲੋਪ ਹੋ ਜਾਂਦੀਆਂ ਹਨ, ਉਹ ਦਿਨ ਨੂੰ ਰਾਤ ਨਹੀਂ ਕਰ ਸਕਦੀਆਂ। ਸਗੋਂ ਤੁਸੀ ਖ਼ੁਦਾ ਦੀ ਲਾਅਨ੍ਹਤ ਤੋਂ ਡਰੋ, ਜੋ ਆਕਾਸ਼ ਤੋਂ ਉਤ੍ਰਦੀ ਹੈ ਤੇ ਜਿਸ ਉੱਤੇ ਪੈਂਦੀ ਹੈ ਉਸ ਦੀ ਦੋਹਾਂ ਜਹਾਨਾਂ (ਲੋਕ ਪ੍ਰਲੋਕ) ਵਿੱਚ ਜੜ੍ਹ ਪੁੱਟ ਦਿੰਦੀ ਹੈ। ਤੁਸੀਂ ਦਿਖਾਵੇ ਰਾਹੀਂ ਆਪਣੇ ਆਪ ਨੂੰ ਬਚਾ ਨਹੀਂ ਸਕਦੇ। ਕਿਉਂਕਿ ਓਹ ਖ਼ੁਦਾ ਜੋ ਤੁਹਾਡਾ ਖ਼ੁਦਾ ਹੈ ਉਸਦੀ ਇਨਸਾਨ ਦੇ ਭੀਤਰ ਤਕ ਨਿਗਾਹ ਹੈ। ਕੀ ਤੁਸੀਂ ਉਸ ਨੂੰ ਧੋਖਾ ਦੇ ਸਕਦੇ ਹੋ? ਸੋ ਤੁਸੀਂ ਸਿੱਧੇ ਹੋ ਜਾਓ। ਸਾਫ਼ ਤੇ ਪਵਿੱਤਰ ਹੋ ਜਾਓ ਤੇ ਖਰੇ ਹੋ ਜਾਓ, ਜੇਕਰ ਇਕ ਰੱਤੀ ਭਰ ਵੀ ਵਿੰਗ ਤੁਹਾਡੇ ਵਿੱਚ ਹੈ ਤਾਂ ਓਹ ਸਾਰੀ ਰੋਸ਼ਨੀ ਨੂੰ ਦੂਰ ਕਰ ਦੇਵੇਗਾ ਅਤੇ ਜੇਕਰ ਤੁਹਾਡੇ ਕਿਸੇ ਭਾਗ ਵਿੱਚ ਹੰਕਾਰ, ਹਉਮੈਂ, ਦਿਖਾਵਾ ਜਾਂ ਸੁਸਤੀ ਹੈ ਤਾਂ ਇਹ ਅਜਿਹੀ ਚੀਜ਼ ਨਹੀਂ ਹੈ ਜੋ ਕਬੂਲ ਕੀਤੇ ਜਾਣ ਦੇ ਯੋਗ ਹੋਵੇ। ਅਜਿਹਾ ਨਾ ਹੋਵੇ ਕਿ ਤੁਸੀਂ ਕੁੱਝ ਇੱਕ ਗੱਲਾਂ ਨੂੰ ਲੈਕੇ ਆਪਣੇ ਆਪ ਨੂੰ ਧੋਖਾ ਦਿਓ ਕਿਉਂਕਿ ਖ਼ੁਦਾ ਇਹ ਚਾਹੁੰਦਾ ਹੈ ਕਿ ਤੁਹਾਡੇ ਪੂਰੇ ਜੀਵਨ ਤੇ ਇਕ ਇਨਕਲਾਬ ਆਵੇ। ਓਹ ਤੁਹਾਥੋਂ ਇਕ ਮੌਤ ਮੰਗਦਾ ਹੈ ਜਿਸ ਮਗਰੋਂ ਓਹ ਤੁਹਾਨੂੰ ਜ਼ਿਊਦਿਆਂ ਕਰੇਗਾ। ਇਸ ਲਈ ਤੁਸੀਂ ਆਪੋ ਵਿੱਚ ਸੁਲਾਹ ਕਰ ਲਓ, ਅਤੇ ਭਰਾਂਵਾਂ ਦੇ ਗੁਨਾਹਾਂ (ਪਾਪਾਂ) ਨੂੰ ਬਖ਼ਸ਼ੋ ਕਿਉਂਕਿ ਉਹ ਇਨਸਾਨ ਸ਼ਰੀਰ ਹੈ ਜੋ ਆਪਣੇ ਭਾਈ ਨਾਲ ਸੁਲਾਹ ਲਈ ਰਾਜ਼ੀ ਨਹੀਂ , ਓਹ ਕੱਟਿਆ ਜਾਵੇਗਾ ਕਿਉਂਕਿ ਉਹ ਫ਼ੁੱਟ ਪਾਉਂਦਾ ਹੈ ਤੁਸੀ ਆਪਣੀਆਂ ਮਨੋ ਕਾਮਨਾਵਾਂ ਨੂੰ ਹਰ ਢੰਗ ਤੇ ਤਰੀਕ ਨਾਲ ਛੱਡ ਦਿਓ, ਆਪਸੀ ਵੈਰ ਵਿਰੋਧ ਛੱਡ ਦਿਓ ਅਤੇ ਸੱਚੇ ਹੋਕੇ ਝੂਠਿਆਂ ਵਾਂਗ ਜ਼ਿੱਲਤ (ਬੇਇੱਜ਼ਤੀ) ਕਬੂਲ ਕਰੋ ਤਾਂ ਜੋ ਤੁਸੀਂ ਬਖ਼ਸ਼ੇ ਜਾਓ ਇਸ ਲਈ ਕਿ ਜਿਸ ਬੂਹੇ

(ਆਤਮਿਕ ਅਵਸਥਾ ) ਲਈ ਤੁਸੀਂ ਬੁਲਾਏ ਗਏ ਹੋ ਉਸ ਵਿੱਚ ਇਕ ਫ਼ਰੇਬੀ ਇਨਸਾਨ ਦਾਖਲ ਨਹੀ ਹੋ ਸਕਦਾ।

ਕਿੰਨਾ ਹੀ ਬਦਕਿਸਮਤ ਹੈ ਉਹ ਇਨਸਾਨ ਜਿਹੜਾ ਇਹਨਾ ਗੱਲਾਂ ਨੂੰ ਨਹੀਂ ਮੰਨਦਾ ਜਿਹੜੀਆਂ ਖ਼ੁਦਾ ਦੇ ਮੂਹੋਂ ਨਿਕਲੀਆਂ ਤੇ ਮੈਂ ਵਰਨਣ ਕੀਤੀਆਂ। ਜੇ ਤੁਸੀਂ ਚਾਹੁੰਦੇ ਹੋ ਕਿ ਆਕਾਸ਼ ਤੇ ਖ਼ੁਦਾ ਤੁਹਾਥੋਂ ਰਾਜ਼ੀ ਹੋ ਜਾਵੇ ਤਾਂ ਤੁਸੀਂ ਆਪੋ ਵਿੱਚ ਅਜਿਹੇ ਇੱਕ ਹੋ ਜਾਓ ਜਿਵੇਂ ਇਕ ਪੇਟ ਚੋਂ ਜਨਮੇਂ ਦੋ ਭਾਈ। ਤੁਹਾਡੇ ਵਿੱਚ ਵੱਡਾ ਬਜ਼ੁਰਗ ਉਹੀ ਹੈ ਜਿਹੜਾ ਆਪਣੇ ਭਾਈ ਦੇ ਬਹੁਤੇ ਗੁਨਾਹ ਬਖ਼ਸ਼ ਦਿੰਦਾ ਹੈ ਅਤੇ ਬਦ-ਕਿਸਮਤ ਹੈ ਉਹ ਜੋ ਜ਼ਿੱਦ ਕਰਦਾ ਹੈ ਤੇ ਨਹੀਂ ਬਖ਼ਸ਼ਦਾ, ਸੋ ਉਸਦਾ ਮੇਰੇ ਵਿੱਚ ਕੁਝ ਹਿੱਸਾ ਨਹੀਂ ਹੈ। ਖ਼ੁਦਾ ਦੀ ਲਾਅਨ੍ਹਤ ਤੋਂ ਬਹੁਤ ਡਰਦੇ ਰਹੋ ਕਿ ਉਹ ਅਤਿ ਪਵਿੱਤਰ ਤੇ ਬਹੁਤ ਗ਼ੈਰਤ ਰਖੱਣ ਵਾਲਾ ਹੈ। ਬਦ ਚਲਨ ਉਸਦੀ ਨੇੜਤਾ (ਪਿਆਰ, ਮੁਹੱਬਤ) ਪ੍ਰਾਪਤ ਨਹੀ ਕਰ ਸਕਦਾ, ਹੰਕਾਰੀ ਉਸਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ, ਜ਼ਾਲਮ (ਅੱਤਿਆਚਾਰੀ) ਉਸਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ। ਖ਼ਿਆਨਤ ਕਰਨ ਵਾਲਾ ਉਸਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ, ਹਰ ਇੱਕ ਜੋ ਉਸਦੇ ਨਾਮ ਦੀ ਗ਼ੈਰਤ ਨਹੀਂ ਰੱਖਦਾ ਉਸਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ, ਉਹ ਜੋ ਕੁੱਤਿਆਂ, ਕੀੜੀਆਂ ਜਾਂ ਗਿੱਧਾਂ ਵਾਂਗ ਦੁਨੀਆਂ ਤੇ ਡਿਗਦੇ ਹਨ, ਅਤੇ ਦੁਨੀਆਂ ਤੋਂ ਆਰਾਮ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦੇ, ਹਰ ਇਕ ਅਪਵਿੱਤਰ ਅੱਖ ਉਸ ਤੋਂ ਦੂਰ ਹੈ, ਹਰ ਅਪਵਿੱਤਰ ਦਿਲ ਉਸ ਤੋਂ ਅਣਜਾਨ ਹੈ। ਉਹ ਜੋ ਉਸ ਲਈ ਅੱਗ ਵਿੱਚ ਡਿੱਗਦਾ ਹੈ (ਅਰਥਾਤ ਦੁੱਖ ਸਹਿਨ ਕਰਦਾ ਹੈ) ਉਹ ਅੱਗ ਤੋਂ ਮੁਕਤੀ ਦਿੱਤਾ ਜਾਵੇਗਾ, ਉਹ ਜੋ ਉਸ ਲਈ ਰੋਂਦਾ ਹੈ ਉਹ ਹੱਸੇਗਾ, ਉਹ ਜੋ ਉਸ ਲਈ ਦੁਨੀਆਂ ਤੋਂ ਸਬੰਧ ਤੋੜਦਾ ਹੈ, ਉਹ ਉਸ ਨੂੰ ਮਿਲੇਗਾ ਤੁਸੀਂ ਸੱਚੇ ਦਿਲ ਨਾਲ ਸਚੱਾਈ ਤੇ ਪੂਰੇ ਜੋਸ਼ ਨਾਲ ਅੱਗੇ ਵੱਧ ਕੇ ਖ਼ੁਦਾ ਦੇ ਮਿਤੱਰ ਬਣੋ ਤਾਂ ਜੋ ਉਹ ਵੀ ਤੁਹਾਡਾ ਮਿਤੱਰ ਬਣ ਜਾਵੇ। ਤੁਸੀ ਆਪਣੇ ਮਾਤਹਿਤਾਂ, ਆਪਣੀਆਂ ਪਤਨੀਆਂ ਅਤੇ ਆਪਣੇ ਗ਼ਰੀਬ ਭਰਾਵਾਂ ਤੇ

ਰਹਿਮ ਕਰੋ । ਤੁਸੀ ਸੱਚ ਮੁਚ ਉਸ (ਖ਼ੁਦਾ) ਦੇ ਹੋ ਜਾਓ ਤਾਂ ਜੋ ਉਹ ਵੀ ਤੁਹਾਡਾ ਹੋ ਜਾਵੇ, ਦੁਨੀਆਂ ਹਜ਼ਾਰਾਂ ਬਲਾਵਾਂ ਦੀ ਥਾਂ ਹੈ । ਸੋ ਤੁਸੀਂ ਖ਼ੁਦਾ ਨਾਲ ਸੱਚਾਈ ਨਾਲ ਹੱਥ ਮਿਲਾਓ ਤਾਂ ਉਹ ਬਲਾਵਾਂ (ਦੁੱਖ) ਤੁਹਾਥੋਂ ਦੂਰ ਰੱਖੇ । ਕੋਈ ਮੁਸੀਬਤ ਧਰਤੀ ਤੇ ਪੈਦਾ ਨਹੀਂ ਹੁੰਦੀ, ਜਦ ਤਕ ਆਕਾਸ਼ ਤੋਂ ਹੁਕਮ ਨਹੀਂ ਹੁੰਦਾ ਅਤੇ ਕੋਈ ਮੁਸੀਬਤ ਦੂਰ ਨਹੀਂ ਹੁੰਦੀ ਜੱਦ ਤੱਕ ਆਕਾਸ਼ ਤੋਂ ਰਹਿਮ ਨਹੀਂ ਉਤਰਦਾ ਸੋ ਤੁਹਾਡੀ ਸੂਝ ਬੂਝ ਇਸੇ ਵਿੱਚ ਹੈ ਕਿ ਤੁਸੀ ਜੜ੍ਹ ਨੂੰ ਫੜੋ ਨਾ ਕਿ ਟਹਿਣੀਆਂ ਨੂੰ, ਤੁਹਾਨੂੰ ਦਵਾ ਤੇ ਤਦਬੀਰ (ਜਤਨ) ਤੋਂ ਮਨਾਹੀ ਨਹੀਂ ਹੈ,ਪਰ ਉਹਨਾਂ ਤੇ ਭਰੋਸਾ ਕਰਨ ਤੋਂ ਮਨਾਹੀ ਹੈ ਅਤੇ ਅੰਤ ਉਹ ਹੀ ਹੋਵੇਗਾ ਜੋ ਖ਼ੁਦਾ ਦਾ ਇਰਾਦਾ ਹੋਵੇਗਾ । ਜੋ ਕੋਈ ਤਾਕਤ ਰਖੇ ਤਾਂ ਵਿਸਵਾਸ਼ ਦਾ ਅਸਥਾਨ ਹਰ ਅਸਥਾਨ ਤੋਂ ਵੱਧ ਕੇ ਹੈ।

## ਕੁਰਆਨ ਨੂੰ ਇੱਜ਼ਤ (ਵਡਿਆਈ ) ਦੇਣ ਵਾਲੇ ਆਕਾਸ਼ ਤੇ ਇੱਜ਼ਤ ਪਾਉਣਗੇ

ਤੁਹਾਡੇ ਲਈ ਇੱਕ ਜ਼ਰੂਰੀ ਸਿੱਖਿਆ ਇਹ ਹੈ ਕਿ ਕੁਰਆਨ ਨੂੰ ਇੱਕ ਤਿਆਗੀ ਚੀਜ਼ ਵਾਂਗ ਨ ਛੱਡ ਦਿਓ ਕਿ ਤੁਹਾਡੀ ਇਸੇ (ਕੁਰਆਨ) ਵਿੱਚ ਜ਼ਿੰਦਗੀ ਹੈ । ਜੋ ਲੋਕ ਕੁਰਆਨ ਨੂੰ ਇੱਜ਼ਤ ਦੇਣਗੇ ਉਹ ਆਕਾਸ਼ ਤੇ ਇੱਜ਼ਤ ਦਿੱਤੇ ਜਾਣਗੇ । ਜੋ ਲੋਕ ਹਰ ਇੱਕ ਹਦੀਸ ਅਤੇ ਗੱਲ ਤੇ ਕੁਰਆਨ ਨੂੰ ਪਹਿਲ ਦੇਣਗੇ ਉਹਨਾਂ ਨੂੰ ਆਕਾਸ਼ ਤੇ ਪਹਿਲ ਦਿੱਤੀ ਜਾਵੇਗੀ । ਮਨੁੱਖ ਜਾਤੀ ਲਈ ਹੁਣ ਸਾਰੀ ਧਰਤੀ ਤੇ ਕੋਈ ਕਿਤਾਬ ਨਹੀਂ–ਪਰ ਕੁਰਆਨ ਅਤੇ ਸਾਰੇ ਇਨਸਾਨਾਂ ਲਈ ਹੁਣ ਕੋਈ ਰਸੂਲ ਤੇ ਸਫ਼ਾਰਸ਼ੀ ਨਹੀਂ, ਪਰ ਹਜ਼ਰਤ ਮੁਹੰਮਦ ਸਲ- ੱਲੱਾਹੋ ਅਲੈਹਿ ਵਸੱਲਮ, ਸੋਂ ਤੁਸੀਂ ਕੋਸ਼ਿਸ ਕਰੋ ਕਿ ਸੱਚੀ ਮੁਹੱਬਤ ਇਸ ਸ਼ੌਕਤ ਤੇ ਜਲਾਲ ਵਾਲੇ ਨਬੀ ਨਾਲ ਰੱਖੋ ਅਤੇ ਉਸ ਦੇ ਗ਼ੈਰ ਨੂੰ ਕਿਸੇ ਪ੍ਰਕਾਰ ਦੀ ਵਡਿਆਈ ਉਸ ਤੇ ਨਾ ਦਿਓ ਤਾਂ ਜੋ ਆਕਾਸ਼ ਤੇ ਤੁਸੀ ਮੁਕਤੀ ਪਾਉਣ

ਵਾਲੇ ਲਿਖੇ ਜਾਓ ਅਤੇ ਚੇਤੇ ਰੱਖੋ ਕਿ ਮੁਕਤੀ ਉਹ ਚੀਜ਼ ਨਹੀਂ ਜੋ ਮਰਨ ਮਗਰੋਂ ਪਰਗਟ ਹੋਵੇਗੀ ਸਗੋਂ ਯਥਾਰਥਕ ਮੁਕਤੀ ਉਹ ਹੈ, ਜੋ ਇਸੇ ਦੁਨੀਆਂ ਵਿੱਚ ਅਪਣੀ ਰੋਸ਼ਨੀ ਵਿਖਾਉਂਦੀ ਹੈ। ਮੁਕਤੀ ਪਾਉਣ ਵਾਲਾ ਕੌਣ ਹੈ? ਉਹ ਜੋ ਵਿਸ਼ਵਾਸ਼ ਰੱਖਦਾ ਹੈ ਕਿ ਖ਼ੁਦਾ ਸੱਚ ਹੈ ਅਤੇ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਉਸ (ਅਰਥਾਤ) ਖ਼ੁਦਾ ਅਤੇ ਉਸਦੀ ਸਾਰੀ ਮਖ਼ਲੂਕ ਵਿਚਕਾਰ ਸ਼ਫ਼ੀ (ਸਫ਼ਾਰਸ਼ ਕਰਨ ਵਾਲਾ) ਹਨ ਅਤੇ ਆਕਾਸ਼ ਦੇ ਥੱਲੇ ਨਾ ਉਨ੍ਹਾਂ ਦੇ ਮਰਤਬੇ ਦਾ ਹੋਰ ਕੋਈ ਰਸੂਲ ਹੈ ਅਤੇ ਨਾ ਹੀ ਕੁਰਆਨ ਦੇ ਮਰਤਬੇ ਦੀ ਕੋਈ ਹੋਰ ਕਿਤਾਬ ਅਤੇ ਹੋਰ ਕਿਸੇ ਲਈ ਖ਼ੁਦਾ ਨੇ ਨਾ ਚਾਹਿਆ ਕਿ ਉਹ ਸਦਾ ਜਿਉਂਦਾ ਰਹੇ, ਪਰ ਇਹ ਬਰਗਜ਼ੀਦਾ ਨਬੀ ਸਦਾ ਲਈ ਜੀਊਂਦਾ ਹੈ ਅਤੇ ਉਸਦੇ ਸਦਾ ਜੀਊਂਦੇ ਰਹਿਣ ਲਈ ਖ਼ੁਦਾ ਨੇ ਇਹ ਬੁਨਿਆਦ ਰੱਖ ਦਿੱਤੀ ਹੈ ਕਿ ਉਸ ਦੀ ਸ਼ਰੀਅਤ ਦੀ ਬਰਕਤ ਤੇ ਆਤਮਿਕਤਾ ਨੂੰ ਕਿਆਮਤ ਤਕ ਜਾਰੀ ਕਰ ਦਿੱਤਾ। ਅੰਤ ਵਿੱਚ ਉਸ ਦੀ ਆਤਮਿਕ ਬਰਕਤ ਦੁਆਰਾ ਇਸ ਮਸੀਹ ਮੌਊਦ (ਜਿਸ ਮਸੀਹ ਦੇ ਆਉਣ ਦਾ ਵਾਅਦਾ ਦਿੱਤਾ ਗਿਆ ਸੀ) ਨੂੰ ਦੁਨੀਆਂ ਵਿੱਚ ਭੇਜਿਆ ਜਿਸਦਾ ਆਉਣਾਂ ਇਸਲਾਮੀ ਇਮਾਰਤ ਦੀ ਪੂਰਨਤਾ ਲਈ ਜ਼ਰੂਰੀ ਸੀ, ਕਿਉਂਕਿ ਜ਼ਰੂਰੀ ਸੀ ਕਿ ਇਸ ਦੁਨੀਆਂ ਦਾ ਅੰਤ ਨਾ ਹੋਵੇ ਕਿ ਜੱਦ ਤਕ ਕਿ ਮੁਹੰਮਦੀ ਸਿਲਸਿਲੇ ਲਈ ਇਕ ਮਸੀਹ ਆਤਮਿਕ ਰੂਪ ਵਿੱਚ ਨਾ ਦਿੱਤਾ ਜਾਵੇ, ਜਿਹਾ ਕਿ ਮੂਸਵੀ ਸਿਲਸਿਲੇ (ਅਰਥਾਤ ਹਜ਼ਰਤ ਮੂਸਾ ਅਲੈਹਿੱਸਲਾਮ ਦੀ ਸ਼ਰੀਅਤ) ਲਈ ਦਿੱਤਾ ਗਿਆ ਸੀ। ਇਸੇ ਵੱਲ ਇਹ ਆਇਤ ਸੰਕੇਤ ਕਰਦੀ ਹੈ -

اهدنا الصراط المستقيم صراط الذين انعمت عليهم

**ਇਹਦੇ ਨੱਸ ਸਿਰਾਤੱਲ ਮੁੱਸਤਾਕੀਮਾ ਸਿਰਾਤੱਲ ਲਜ਼ੀਨਾ ਅਨ ਅੰਮਤਾ ਅਲੈਹਿਮ।**

ਕਿ ਮੂਸਾ ਨੇ ਉਹ ਦੌਲਤ ਪਾਈ ਜਿਸ ਨੂੰ ਪਹਿਲੇ ਲੋਕ ਗਵਾ ਚੁੱਕੇ ਸਨ ਅਤੇ ਹਜ਼ਰਤ ਮੁਹੰਮਦ ਸਲਅਮ ਨੇ ਉਹ ਦੌਲਤ ਪਾਈ ਜਿਸ ਨੂੰ ਮੂਸਾ

ਦੀ ਕੌਮ ਗਵਾ ਚੁਕੀ ਸੀ । ਹੁਣ ਮੁਹੰਮਦੀ ਸਿਲਸਿਲਾ ਮੂਸਾ ਦੇ ਸਿਲਸਲੇ ਦੇ ਥਾਂ ਤੇ ਹੈ, ਪਰ ਸ਼ਾਨ ਵਿੱਚ ਹਜ਼ਾਰਾਂ ਦਰਜੇ ਵਧ ਕੇ । ਮੂਸਾ ਵਰਗਾ ਮੂਸਾ ਤੋਂ ਵਧ ਕੇ ਅਤੇ ਇਬਨੇ ਮਰਯਮ (ਅਰਥਾਤ, ਹਜ਼ਰਤ ਈਸਾ ਅਲੈਹਿਸਲਾਮ) ਜਿਹਾ ਇਬਨਿ ਮਰਯਮ ਤੋਂ ਵਧਕੇ ਅਤੇ ਉਹ ਮਸੀਹ ਮੌਊਦ ਨਾ ਕੇਵਲ ਸਮੇਂ ਅਨੁਸਾਰ ਹਜ਼ਰਤ ਮੁਹੰਮਦ ਸਲਅਮ ਤੋਂ ਮਗਰੋਂ ਚੌਦਵੀਂ ਸ਼ਤਾਬਦੀ ਵਿੱਚ ਪਰਗਟ ਹੋਇਆ, ਜਿਹਾ ਕਿ ਮਸੀਹ ਇਬਨਿ ਮਰਯਮ ਮੂਸਾ ਤੋਂ ਮਗਰੋਂ ਚੌਦਵੀਂ ਸ਼ਤਾਬਦੀ ਵਿੱਚ ਪਰਗਟ ਹੋਇਆ ਸੀ, ਸਗੋਂ ਉਹ ਅਜਿਹੇ ਸਮੇਂ ਆਇਆ ਜਿਹਾ ਕਿ ਮਸੀਹ ਇਬਨਿ ਮਰਯਮ ਦੇ ਪਰਗਟ ਹੋਣ ਸਮੇਂ ਯਹੂਦੀਆਂ ਦਾ ਹਾਲ ਸੀ ਸੋ ਉਹ ਮੈਂ ਹੀ ਹਾਂ, ਜਿਹੜਾ ਮਨੁੱਖ ਮੇਰੀ ਸੱਚੀ ਬੈਅਤ ਕਰਦਾ ਹੈ ਅਤੇ ਸੱਚੇ ਦਿਲੋਂ ਮੇਰਾ ਸ਼ਿਸ਼ ਬਨਦਾ ਹੈ ਤੇ ਮੇਰੀ ਆਗਿਆਕਾਰੀ ਵਿੱਚ ਫ਼ਨਾ ਹੋਕੇ ਆਪਣੇ ਸਾਰੇ ਇਰਾਦਿਆਂ ਨੂੰ ਛੱਡ ਦਿੰਦਾ ਹੈ। ਉਹੀ ਹੈ ਕਿ ਜਿਸ ਲਈ ਏਹਨਾਂ ਆਫ਼ਤਾਂ (ਦੁਖਾਂ) ਦੇ ਦਿਨਾਂ ਵਿੱਚ ਮੇਰੀ ਰੂਹ ਉਸ ਦੀ ਸਫ਼ਾਰਸ਼ ਕਰੇਗੀ ।

## ਹੇ ਉਹ ਲੋਕੋ! ਜਿਹੜੇ ਮੇਰੀ ਜਮਾਅਤ ਵਿੱਚ ਸ਼ਾਮਿਲ ਹੋਏ ਓ !!

ਸੋ ਹੇ ਉਹ ਸਾਰੇ ਲੋਕੋ! ਜੋ ਆਪਣੇ ਆਪ ਨੂੰ ਮੇਰੀ ਜਮਾਅਤ ਵਿੱਚ ਗਿਣਦੇ ਹੋ ਆਕਾਸ਼ ਤੇ ਤੁਸੀਂ ਉਸੇ ਸਮੇਂ ਮੇਰੀ ਜਮਾਅਤ ਵਿੱਚ ਗਿਣੇ ਜਾਓਗੇ, ਜਦ ਸੰਜਮਤਾ ਦੇ ਮਾਰਗ ਤੇ ਕਦਮ ਮਾਰੋਗੇ । ਸੋਂ ਆਪਣੀਆਂ ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਅਜਿਹੇ ਡਰ ਤੇ ਸਾਫ਼ ਹਿਰਦੇ ਨਾਲ ਪੜ੍ਹੋ ਕਿ ਤੁਸੀਂ ਖ਼ੁਦਾ ਨੂੰ ਵੇਖ ਰਹੇ ਹੋ ਅਤੇ ਆਪਣੇ ਰੋਜ਼ਿਆਂ ਨੂੰ ਖ਼ੁਦਾ ਲਈ ਸਚੱਾਈ ਨਾਲ ਪੂਰਿਆਂ ਕਰੋ । ਹਰ ਇਕ ਜੋ ਜ਼ਕਾਤ ਦੇਣ ਯੋਗ ਹੈ, ਉਹ ਜ਼ਕਾਤ ਦੇਵੇ ਅਤੇ ਜਿਸ ਤੇ ਹੱਜ ਫ਼ਰਜ਼ ਹੋ ਚੁਕਿਆ ਹੈ ਤੇ ਕੋਈ ਰੋਕ ਨਹੀਂ, ਉਹ ਹੱਜ ਕਰੇ । ਨੇਕੀ ਨੂੰ ਸੁਚੱਜੇ ਢੰਗ ਨਾਲ ਅਦਾ ਕਰੋ ਅਤੇ ਬੁਰਾਈ ਨੂੰ ਨਫ਼ਰਤ ਕਰਦਿਆਂ ਛੱਡ ਦਿਓ, ਵਿਸ਼ਵਾਸ਼ ਰੱਖੋ ਕਿ ਕੋਈ

ਕਰਮ ਖ਼ੁਦਾ ਤਕ ਨਹੀਂ ਪੁੱਜ ਸਕਦਾ ਜਿਹੜਾ ਸੰਜਮਤਾ ਤੋਂ ਖ਼ਾਲੀ ਹੈ। ਹਰ ਇਕ ਨੇਕੀ ਦੀ ਜੜ੍ਹ ਸੰਜਮਤਾ ਹੈ ਜਿਸ ਕਾਰਜ ਵਿੱਚ ਇਹ ਜੜ੍ਹ ਬਰਬਾਦ ਨਹੀਂ ਹੋਇਗੀ ਉਹ ਕਾਰਜ ਵੀ ਬਰਬਾਦ ਨਹੀਂ ਹੋਵੇਗਾ। ਇਹ ਜ਼ਰੂਰੀ ਹੈ ਕਿ ਕਈ ਪ੍ਰਕਾਰ ਦੇ ਦੁਖਾਂ ਤੇ ਮੁਸੀਬਤਾਂ ਰਾਹੀਂ ਤੁਹਾਡੀ ਪ੍ਰੀਖਿਆ ਵੀ ਹੋਵੇ, ਜਿਹਾ ਕਿ ਪਹਿਲੇ ਮੋਮਨਾਂ ਦੀ ਹੋਈ। ਸੋ ਖ਼ਬਰਦਾਰ ਰਹੋ। ਅਜਿਹਾ ਨਾ ਹੋਵੇ ਕਿ ਠੋਕਰ ਖਾ ਜਾਓ। ਜ਼ਮੀਨ (ਧਰਤੀ) ਤੁਹਾਡਾ ਕੁੱਝ ਵੀ ਵਿਗਾੜ ਨਹੀਂ ਸਕਦੀ, ਜੇਕਰ ਤੁਹਾਡਾ ਆਕਾਸ਼ (ਅਰਥਾਤ ਖ਼ੁਦਾ ) ਨਾਲ ਪੱਕਾ ਸਬੰਧ ਹੈ। ਜਦ ਕਦੇ ਵੀ ਤੁਸੀਂ ਆਪਣਾ ਨੁਕਸਾਨ ਕਰੋਗੇ ਤਾਂ ਆਪਣੇ ਹੀ ਹੱਥਾਂ ਨਾਲ ਕਰੋਗੇ ਨਾ ਕਿ ਦੁਸ਼ਮਨ ਦੇ ਹੱਥਾਂ ਰਾਹੀਂ! ਜੇਕਰ ਤੁਹਾਡੀ ਜ਼ਮੀਨੀ ਇੱਜ਼ਤ ਸਾਰੀ ਦੀ ਸਾਰੀ ਵੀ ਜਾਂਦੀ ਰਹੇ ਤਾਂ ਖ਼ੁਦਾ ਤੁਹਾਨੂੰ ਹਮੇਸ਼ਾ ਦੀ ਇੱਜ਼ਤ ਅਸਮਾਨ ਤੇ ਦੇਵੇਗਾ। ਸੋ ਤੁਸੀਂ ਉਸ (ਖ਼ੁਦਾ) ਨੂੰ ਨਾਂ ਛੱਡੋ ਅਤੇ ਜ਼ਰੂਰੀ ਹੈ ਕਿ ਤੁਸੀਂ ਦੁੱਖ ਦਿੱਤੇ ਜਾਓ ਅਤੇ ਆਪਣੀਆਂ ਕਈ ਇਕ ਆਸਾਂ ਤੋਂ ਨਿਰਾਸ਼ ਕੀਤੇ ਜਾਓ। ਸੋ ਤੁਸੀ ਇਸ ਅਵਸਥਾ ਤੋਂ ਗ਼ਮਗੀਨ ਨਾਂ ਹੋ, ਕਿਉਂਕਿ ਤੁਹਾਡਾ ਖ਼ੁਦਾ ਤੁਹਾਡੀ ਪ੍ਰੀਖਿਆ ਲੈਂਦਾ ਹੈ ਕਿ ਤੁਸੀਂ ਉਸ ਦੇ ਮਾਰਗ ਵਿੱਚ ਪੱਕੇ ਹੋ ਕਿ ਨਹੀਂ ? ਜੇਕਰ ਤੁਸੀਂ ਚਾਹੁੰਦੇ ਹੋ ਕਿ ਆਕਾਸ਼ ਤੇ ਫ਼ਰਿਸ਼ਤੇ ਵੀ ਤੁਹਾਡੀ ਪ੍ਰਸ਼ੰਸਾ ਕਰਨ, ਤਾਂ ਤੁਸੀਂ ਮਾਰਾਂ ਖਾਓ ਤੇ ਖ਼ੁਸ਼ ਰਹੋ, ਗਾਲਾਂ ਸੁਣੋ ਤੇ ਸ਼ੁਕਰ ਕਰੋ ਅਤੇ ਅਸਫ਼ਲਤਾ ਵੇਖੋ, ਪਰ ਸਬੰਧ ਨਾ ਤੋੜੋ। ਤੁਸੀਂ ਖ਼ੁਦਾ ਦੀ ਆਖ਼ਰੀ ਜਮਾਅਤ ਹੋ। ਸੋ ਉਹ ਨੇਕ ਕਰਮ ਦਿਖਾਓ ਜੋ ਅਪਣੀ ਪੂਰਨਤਾ ਵਿੱਚ ਅਤਿ ਉੱਚੇ ਦਰਜੇ ਦੇ ਹੋਣ। ਹਰ ਇਕ ਜੋ ਤੁਹਾਡੇ ਵਿੱਚੋਂ ਸੁਸਤ ਹੋ ਜਾਇਗਾ, ਉਹ ਇੱਕ ਗੰਦੀ ਚੀਜ਼ ਵਾਂਗ ਜਮਾਅਤ ਤੋਂ ਬਾਹਰ ਸੁੱਟ ਦਿੱਤਾ ਜਾਇਗਾ ਅਤੇ ਹਸਰਤ ਨਾਲ ਮਰੇਗਾ ਤੇ ਖ਼ੁਦਾ ਦਾ ਕੁੱਝ ਨਾ ਵਿਗਾੜ ਸਕੇਗਾ। ਦੇਖੋ ਮੈਂ ਬਹੁਤ ਖ਼ੁਸ਼ੀ ਨਾਲ ਇਹ ਖ਼ਬਰ ਦਿੰਦਾ ਹਾਂ ਕਿ ਤੁਹਾਡਾ ਖ਼ੁਦਾ ਨਿਰਸੰਦੇਹ ਮੌਜੂਦ ਹੈ, ਭਾਵੇਂ ਸਾਰੀ ਉਸ ਦੀ ਮਖ਼ਲੂਕ ਹੈ, ਪਰ ਉਹ ਉਸ ਵਿਅੱਕਤੀ ਨੂੰ ਚੁੱਣ ਲੈਂਦਾ ਹੈ ਜੋ ਉਸ ਨੂੰ ਚੁੱਣਦਾ ਹੈ, ਉਹ ਉਸ ਦੇ ਨੇੜੇ ਆ ਜਾਂਦਾ ਹੈ, ਤੇ ਉਸ ਦੇ ਕੋਲ ਜਾਂਦਾ ਹੈ ,ਜਿਹੜਾ ਉਸ ਨੂੰ

ਇੱਜ਼ਤ ਦਿੰਦਾ ਹੈ ਉਹ ਵੀ ਉਸ ਨੂੰ ਇੱਜ਼ਤ ਦਿੰਦਾ ਹੈ ਤੁਸੀਂ ਆਪਣੇ ਦਿਲਾਂ ਨੂੰ ਸਾਫ਼ ਕਰਕੇ ਅਤੇ ਜ਼ਬਾਨ, ਅੱਖਾਂ ਤੇ ਕੰਨਾਂ ਨੂੰ ਪਵਿੱਤਰ ਕਰਕੇ ਉਸ ਵੱਲ ਆ ਜਾਓ ਕਿ ਉਹ ਤੁਹਾਨੂੰ ਕਬੂਲ ਕਰੇਗਾ।

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ ਵਸੱਲਮ ਖ਼ਾਤਮੁਲ ਅੰਬੀਆ ਹਨ

ਅਕੀਦੇ (ਵਿਸ਼ਵਾਸ) ਅਨੁਸਾਰ ਖ਼ੁਦਾ ਜੋ ਤੁਹਾਥੋਂ ਚਾਹੁੰਦਾ ਹੈ, ਉਹ ਇਹੀ ਹੈ ਕਿ ਖ਼ੁਦਾ ਇੱਕ ਹੈ ਅਤੇ ਮੁਹੰਮਦ ਸਲ-ਲੱਲਾਹੋ ਅਲੈਹਿ ਵਸਲੱਮ ਉਹਦਾ ਨਬੀ ਹੈ ਅਤੇ ਉਹ ਖ਼ਾਤਮੁਲ ਅੰਬੀਆ ਹੈ ਤੇ ਵੱਡਿਆਈ ਵਿੱਚ ਸਭ ਤੋਂ ਵੱਧਕੇ ਹੈ, ਹੁਣ ਇਸ ਤੋਂ ਮਗਰੋਂ ਕੋਈ ਨਬੀ ਨਹੀਂ, ਪਰ ਉਹ ਹੀ ਹੈ ਜਿਸ ਉੱਤੇ ਬਰੂਜ਼ੀ ਤੌਰ ਤੇ ਮੁਹੰਮਦੀਅਤ ਦੀ ਚਾਦਰ ਪਾਈ ਗਈ, ਕਿਉਂਕਿ ਖ਼ਾਦਮ ਆਪਣੇ ਆਕਾ ਤੋਂ ਜੁਦਾ ਨਹੀਂ ਹੈ ਅਤੇ ਨਾ ਕੋਈ ਟਹਿਣੀ ਆਪਣੀ ਜੜ੍ਹ ਤੋਂ ਵੱਖ ਹੈ ਅਤੇ ਤੁਸੀਂ ਯਕੀਨ ਨਾਲ ਜਾਨ ਲਓ ਕਿ ਈਸਾ ਇਬਨੇ ਮੱਰਯਮ ਮਰ ਗਿਆ ਹੈ ਅਤੇ ਕਸ਼ਮੀਰ ਸ੍ਰੀਨਗਰ ਮੁਹੱਲਾ ਖ਼ਾਨਯਾਰ ਵਿੱਚ ਉਸ ਦੀ ਕਬਰ ਹੈ, ਖ਼ੁਦਾ ਨੇ ਆਪਣੀ ਮਹਿਬੂਬ ਕਿਤਾਬ (ਕੁਰਆਨ) ਵਿੱਚ ਉਸਦੇ ਸਵਰਗਵਾਸ ਹੋ ਜਾਣ ਦੀ ਖ਼ਬਰ ਦਿੱਤੀ ਹੈ ਅਤੇ ਮੈਂ ਹਜ਼ਰਤ ਈਸਾ ਅਲੈਹਿੱਸਲਾਮ ਦੀ ਸ਼ਾਨ ਦਾ ਇਨਕਾਰੀ ਨਹੀਂ ਹਾਂ, ਬੇਸ਼ਕ ਖ਼ੁਦਾ ਨੇ ਮੈਨੂੰ ਇਹ ਖ਼ਬਰ ਦਿੱਤੀ ਹੈ ਕਿ ਮਸੀਹ ਮੁਹੰਮਦੀ, ਮਸੀਹ ਮੂਸਵੀ ਨਾਲੋਂ ਅਫ਼ਜ਼ਲ ਹੈ, ਪਰ ਫ਼ੇਰ ਵੀ ਮਸੀਹ ਇਬਨੇ ਮਰਯਮ ਦੀ ਬਹੁੱਤ ਇੱਜ਼ਤ ਕਰਦਾ ਹਾਂ ਕਿਉਂਕਿ ਮੈਂ ਆਤਮਿਕ ਰੂਪ ਵਿੱਚ ਇਸਲਾਮ ਵਿੱਚ ਖ਼ਾਤਮੁਲ ਖ਼ੁਲਫ਼ਾ ਹਾਂ, ਜਿਹਾ ਕਿ ਮਸੀਹ ਇਬਨੇ ਮਰਯਮ ਮੂਸਵੀ ਸਿਲਸਿਲੇ ਲਈ ਖ਼ਾਤਮੁਲ ਖ਼ੁਲਫ਼ਾ ਸੀ। ਮੂਸਾ ਦੇ ਸਿਲਸਿਲੇ ਵਿੱਚ ਇਬਨੇ ਮਰਯਮ ਮਸੀਹੇ ਮੌਊਦ ਸੀ ਅਤੇ ਮੁਹੰਮਦੀ ਸਿਲਸਿਲੇ ਵਿੱਚ ਮੈਂ ਮਸੀਹ ਮੌਊਦ (ਜਿਸ ਮਸੀਹ ਦੇ

ਆਉਣ ਦਾ ਵਾਅਦਾ ਦਿੱਤਾ ਗਿਆ ਸੀ) ਹਾਂ ਮੈਂ ਉਸ ਦਾ ਸਤਿਕਾਰ ਕਰਦਾ ਹਾਂ ਜਿਸ ਦਾ ਹਮਨਾਮ ਹਾਂ। ਓਹ ਇਨਸਾਨ ਫ਼ਸਾਦੀ ਤੇ ਝੂਠਾ ਹੈ ਜੋ ਮੈਨੂੰ ਕਹਿੰਦਾ ਹੈ ਕਿ ਮੈਂ ਮਸੀਹ ਇਬਨੇ ਮਰਯਮ ਦੀ ਇੱਜ਼ਤ ਨਹੀਂ ਕਰਦਾ।

# ਕੌਣ ਮੇਰੀ ਜਮਾਅਤ ਵਿੱਚ ਹੈ ਅਤੇ ਕੌਣ ਨਹੀਂ?

ਇਨ੍ਹਾਂ ਸਾਰੀਆਂ ਗੱਲਾਂ ਮਗਰੋਂ ਫ਼ਿਰ ਮੈਂ ਕਹਿੰਦਾ ਹਾਂ ਕਿ ਇਹ ਖ਼ਿਆਲ ਨਾ ਕਰੋ ਕਿ ਅਸੀਂ ਜ਼ਾਹਿਰੀ ਬੈਅਤ ਕਰ ਲਈ ਹੈ, ਦਿਖਾਵਾ ਕੋਈ ਚੀਜ਼ ਨਹੀਂ ਖ਼ੁਦਾ ਤੁਹਾਡੇ ਦਿਲਾਂ ਨੂੰ ਵੇਖਦਾ ਹੈ, ਅਤੇ ਉਸ ਅਨੁਸਾਰ ਹੀ ਤੁਹਾਡੇ ਨਾਲ ਵਰਤਾਉ ਕਰੇਗਾ। ਦੇਖੋ ਮੈਂ ਇਹ ਕਹਿ ਕੇ ਨਸੀਹਤ ਕਰਨ ਦੀ ਜ਼ਿੰਮੇਵਾਰੀ ਤੋਂ ਆਜ਼ਾਦ ਹੁੰਦਾ ਹਾਂ ਕਿ ਗੁਨਾਹ ਇਕ ਜ਼ਹਿਰ ਹੈ ਉਸ ਨੂੰ ਨਾਂ ਖਾਓ, ਖ਼ੁਦਾ ਦੀ ਨਾਫ਼ਰਮਾਨੀ ਇਕ ਭੈੜੀ ਮੌਤ ਹੈ, ਇਸ ਤੋਂ ਬਚੋ। ਦੁਆ ਕਰੋ ਤਾਂ ਜੋ ਤੁਹਾਨੂੰ ਸ਼ਕਤੀ ਮਿਲੇ, ਜਿਹੜਾ ਮਨੁੱਖ ਦੁਆ ਸਮੇਂ ਖ਼ੁਦਾ ਨੂੰ ਹਰ ਗੱਲ ਤੇ ਬਿਨਾਂ ਉਹਨਾਂ ਗੱਲਾਂ ਦੇ ਜੋ ਉਸਦੇ ਵਾਅਦੇ ਹਨ ਕਾਦਰ (ਕੁਦਰਤ ਰੱਖਣ ਵਾਲਾ) ਨਹੀਂ ਸਮਝਦਾ, ਓਹ ਮੇਰੀ ਜਮਾਅਤ ਵਿੱਚ ਨਹੀਂ ਹੈ। ਜਿਹੜਾ ਮਨੁੱਖ ਝੂਠ ਤੇ ਧੋਖੇ ਨੂੰ ਨਹੀਂ ਛੱਡਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ, ਜਿਹੜਾ ਦੁਨੀਆਂ ਦੇ ਮੋਹ ਵਿੱਚ ਫ਼ਸਿਆ ਹੋਇਆ ਹੈ ਤੇ ਪ੍ਰਲੋਕ ਵੱਲ ਅੱਖ ਚੁੱਕ ਕੇ ਵੀ ਨਹੀਂ ਵੇਖਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ, ਜਿਹੜਾ ਮਨੁੱਖ ਯਥਾਰਥਕਤਾ ਦੇ ਰੂਪ ਵਿੱਚ ਧਰਮ ਨੂੰ ਦੁਨੀਆਂ ਤੇ ਪਹਿਲ ਨਹੀਂ ਦਿੰਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ, ਜਿਹੜਾ ਮਨੁੱਖ ਪੂਰਨ ਤੌਰ ਤੇ ਹਰ ਇੱਕ ਬਦੀ ਅਤੇ ਭੈੜੇ ਕੰਮ ਤੋਂ ਅਰਥਾਤ ਸ਼ਰਾਬ, ਕੁਮਾਰ ਬਾਜ਼ੀ, ਬੱਦ ਨਜ਼ਰੀ, ਖ਼ਿਆਨਤ, ਰਿਸ਼ਵਤ ਅਤੇ ਹਰ ਪ੍ਰਕਾਰ ਦੇ ਧੋਖੇ ਨਾਲ ਕੀਤੇ ਕਬਜ਼ੇ ਤੋਂ

ਤੌਬਾ ਨਹੀਂ ਕਰਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਪੰਜ ਵੇਲੇ ਦੀ ਨਮਾਜ਼ ਨਹੀਂ ਪੜ੍ਹਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਦੁਆ (ਅਰਦਾਸ) ਕਰਨ ਵਿੱਚ ਲੱਗਾ ਨਹੀਂ ਰਹਿੰਦਾ ਅਤੇ ਨਿਮਰਤਾ ਨਾਲ ਖ਼ੁਦਾ ਨੂੰ ਯਾਦ ਨਹੀਂ ਕਰਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਆਪਣੇ ਮਾਤਾ ਪਿਤਾ ਦਾ ਸਤਿਕਾਰ ਨਹੀਂ ਕਰਦਾ, ਅਤੇ ਨੇਕ ਗੱਲਾਂ ਨੂੰ ਜਿਹੜੀਆਂ ਕੁਰਆਨ ਦੇ ਵਿਰੁੱਧ ਨਾਂ ਹੋਣ, ਨਹੀਂ ਮੰਨਦਾ ਅਤੇ ਉਨ੍ਹਾਂ ਦੀ ਸੱਚੇ ਦਿਲੋਂ ਸੇਵਾ ਨਹੀਂ ਕਰਦਾ, ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਆਪਣੀ ਪਤਨੀ ਅਤੇ ਉਸ ਦੇ ਰਿਸ਼ਤੇਦਾਰਾਂ ਨਾਲ ਨਰਮੀ ਤੇ ਇਹਸਾਨ ਨਾਲ ਵਰਤਾਓ ਨਹੀਂ ਕਰਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਆਪਣੇ ਗਵਾਂਢੀ ਨੂੰ ਨਿੱਕੀਆਂ ਨਿੱਕੀਆਂ ਭਲਾਈਆਂ ਤੋਂ ਵੀ ਬੇਨਸੀਬ ਰੱਖਦਾ ਹੈ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਇਹ ਨਹੀਂ ਚਾਹੁੰਦਾ ਕਿ ਆਪਣੇ ਕਸੂਰਵਾਰ ਦਾ ਗੁਨਾਹ ਬਖ਼ਸ਼ੇ ਅਤੇ ਈਰਖਾ ਰੱਖਣ ਵਾਲਾ ਵਿਅੱਕਤੀ ਹੈ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਹਰ ਇਕ ਪਤੀ ਜਿਹੜਾ ਆਪਣੀ ਪਤਨੀ ਨਾਲ ਜਾਂ ਪਤਨੀ ਆਪਣੇ ਪਤੀ ਨਾਲ ਖ਼ਿਆਨਤ ਨਾਲ ਪੇਸ਼ ਆਉਂਦੀ ਹੈ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਅਸਲੀਅਤ ਵਿੱਚ ਮੈਨੂੰ ਮਸੀਹ ਮੌਊਦ ਤੇ ਮਹਿਦੀ ਮੌਊਦ ਨਹੀਂ ਸਮੱਝਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ ਅਤੇ ਜਿਹੜਾ ਮਨੁੱਖ ਨੇਕ ਗੱਲਾਂ ਵਿੱਚ ਮੇਰੀ ਫ਼ਰਮਾਂਬਰਦਾਰੀ ਕਰਣ ਲਈ ਤਿਆਰ ਨਹੀਂ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਜਿਹੜਾ ਮਨੁੱਖ ਵਿਰੋਧੀਆਂ ਦੀ ਸੰਗਤ ਵਿੱਚ ਬੈਠਦਾ ਹੈ ਅਤੇ ਉਹਨਾਂ ਦੀ ਹਾਂ ਵਿੱਚ ਹਾਂ ਮਿਲਾਉਂਦਾ ਹੈ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ। ਹਰ ਇਕ ਵਿਭਚਾਰੀ, ਬੱਦਕਾਰ, ਪਾਪੀ, ਸ਼ਰਾਬੀ, ਖ਼ੂਨੀ, ਚੋਰ, ਜੂਏਬਾਜ਼, ਧੋਖੇਬਾਜ਼, ਰਿਸ਼ਵਤ ਲੈਣ ਵਾਲਾ, ਕਿਸੇ ਦਾ ਹਕ ਖੋਹਣ ਵਾਲਾ, ਅਤਿਆਚਾਰੀ, ਝੂਠਾ, ਫ਼ਰੇਬੀ ਅਤੇ ਉਹਨਾਂ ਨਾਲ ਬੈਠਣ ਵਾਲਾ ਅਤੇ ਆਪਣੇ ਭਰਾਵਾਂ ਤੇ ਭੈਣਾ ਤੇ ਇਲਜ਼ਾਮ (ਊਜਾਂ) ਲਾਉਣ ਵਾਲਾ, ਜਿਹੜਾ ਆਪਣੇ ਭੈੜੇ ਕੰਮਾਂ ਤੋਂ ਤੌਬਾ ਨਹੀਂ

ਕ੍ਰਦਾ ਅਤੇ ਭੈੜੀ ਸੰਗਤ ਨੂੰ ਨਹੀਂ ਛੱਡਦਾ ਉਹ ਮੇਰੀ ਜਮਾਅਤ ਵਿੱਚੋਂ ਨਹੀਂ ਹੈ।

ਇਹ ਸਭ ਜ਼ਹਿਰਾਂ (ਵਿਸ਼) ਹਨ ਤੁਸੀ ਇਨ੍ਹਾਂ ਜ਼ਹਿਰਾਂ ਨੂੰ ਖਾ ਕੇ ਕਿਸੇ ਤਰ੍ਹਾਂ ਵੀ ਬੱਚ ਨਹੀਂ ਸਕਦੇ ਅਤੇ ਹਨੇਰਾ ਤੇ ਚਾਨਣ ਇਕ ਥਾਂ ਇਕੱਠੇ ਨਹੀਂ ਹੋ ਸਕਦੇ। ਹਰ ਇਕ ਜਿਹੜਾ ਟੇਢਾ ਸੁਭਾਓ ਰਖਦਾ ਹੈ ਅਤੇ ਖ਼ੁਦਾ ਨਾਲ (ਉਸਦਾ ਹਿਸਾਬ) ਸਾਫ਼ ਨਹੀਂ ਹੈ ਉਹ ਉਸ ਬਰਕਤ ਨੂੰ ਉੱਕਾ ਹੀ ਨਹੀਂ ਪ੍ਰਾਪਤ ਕਰ ਸਕਦਾ, ਜਿਹੜੀ ਸਾਫ਼ ਦਿਲਾਂ ਨੂੰ ਮਿਲਦੀ ਹੈ ਉਹ ਇਨਸਾਨ ਕਿੰਨੇ ਖ਼ੁਸ਼ ਕਿਸਮਤ ਹਨ ਜਿਹੜੇ ਆਪਣੇ ਦਿਲਾਂ ਨੂੰ ਹਰ ਪ੍ਰਕਾਰ ਦੀ ਗੰਦਗੀ ਤੋਂ ਪਾਕ ਕਰ ਲੈਂਦੇ ਹਨ ਅਤੇ ਆਪਣੇ ਖ਼ੁਦਾ ਨਾਲ ਫ਼ਰਮਾਂਬਰਦਾਰੀ ਦਾ ਇਕਰਾਰ ਕਰ ਲੈਂਦੇ ਹਨ, ਕਿਉਂਕਿ ਉਹ ਕਦੇ ਵੀ ਬਰਬਾਦ ਨਹੀਂ ਕੀਤੇ ਜਾਣਗੇ। ਅਸੰਭਵ ਹੈ ਕਿ ਖ਼ੁਦਾ ਉਹਨਾਂ ਨੂੰ ਜ਼ਲੀਲ ਕਰੇ ਕਿਉਕਿ ਉਹ ਖ਼ੁਦਾ ਦੇ ਹਨ ਅਤੇ ਖ਼ੁਦਾ ਉਹਨਾਂ ਦਾ। ਉਹ ਹਰ ਇੱਕ ਬਲਾ (ਮੁਸੀਬਤ) ਸਮੇਂ ਬਚਾਏ ਜਾਣਗੇ, ਬੇਵਕੂਫ਼ ਹੈ ਉਹ ਦੁਸ਼ਮਨ ਜਿਹੜਾ ਉਹਨਾਂ ਦਾ ਪਿੱਛਾ ਕਰੇ, ਕਿਉਂਕਿ ਉਹ ਖ਼ੁਦਾ ਦੀ ਗੋਦ ਵਿੱਚ ਹਨ ਅਤੇ ਖ਼ੁਦਾ ਉਹਨਾਂ ਦੇ ਪੱਖ ਵਿੱਚ। ਕੌਣ ਖ਼ੁਦਾ ਤੇ ਈਮਾਨ ਲਿਆਇਆ? ਕੇਵਲ ਉਹੀ ਜੋ ਅਜਿਹੇ ਹਨ। ਇਸੇ ਤਰਾਂ ਉਹ ਮਨੁੱਖ ਵੀ ਮੂਰਖ ਹੈ ਜਿਹੜਾ ਇੱਕ ਅਜਿਹੇ ਮਨੁੱਖ ਦੀ ਚਿੰਤਾ ਵਿੱਚ ਹੈ ਜੋ ਕਿ ਬੇਬਾਕ, ਪਾਪੀ, ਦਿਲ ਦਾ ਕਾਲਾ ਤੇ ਸ਼ਰਾਰਤੀ ਸੁਭਾਉ ਰੱਖਣ ਵਾਲਾ ਹੈ। ਕਿਉਂਕਿ ਓਹ ਅਪਣੇ ਆਪ ਤਬਾਹ ਹੋਵੇਗਾ। ਜਦ ਤੋਂ ਖ਼ੁਦਾ ਨੇ ਆਕਾਸ਼ ਤੇ ਧਰਤੀ ਨੂੰ ਬਣਾਇਆ ਕਦੇ ਅਜਿਹੀ ਘਟਨਾ ਨਹੀਂ ਹੋਈ ਕਿ ਉਸ ਨੇ (ਅਰਥਾਤ ਖ਼ੁਦਾ ਨੇ) ਨੇਕ ਲੋਕਾਂ ਨੂੰ ਤਬਾਹ-ਬਰਬਾਦ ਤੇ ਨਸ਼ਟ ਕਰ ਦਿੱਤਾ ਹੋਵੇ, ਸਗੋਂ ਉਹ ਉਹਨਾਂ ਲਈ ਵੱਡੇ-ਵੱਡੇ ਚਮਤਕਾਰ ਦਿਖਾਂਉਦਾ ਹੈ ਅਤੇ ਹੁਣ ਵੀ ਦਿਖਾਵੇਗਾ।

# ਸਾਡਾ ਖ਼ੁਦਾ ਵੱਡੀਆਂ ਕੁਦਰਤਾਂ ਦਾ ਮਾਲਿਕ ਹੈ

ਉਹ ਖ਼ੁਦਾ ਅਤਿ ਵਫ਼ਾਦਾਰ ਖ਼ੁਦਾ ਹੈ ਅਤੇ ਵਫ਼ਾਦਾਰਾਂ ਲਈ ਉਸਦੇ ਅਦਭੁਤ ਕੰਮ ਪਰਗਟ ਹੁੰਦੇ ਹਨ। ਦੁਨੀਆਂ ਚਾਹੁੰਦੀ ਹੈ ਕਿ ਉਹਨਾਂ ਨੂੰ ਖਾ ਜਾਵੇ ਅਤੇ ਹਰ ਇਕ ਦੁਸ਼ਮਨ ਉਹਨਾਂ ਤੇ ਦੰਦ ਪੀਹੰਦਾ ਹੈ, ਪਰ ਉਹ ਉਹਨਾਂ ਦਾ ਮਿੱਤਰ ਹੈ। ਹਰ ਇਕ ਹਲਾਕਤ ਦੀ ਥਾਂ ਤੋਂ ਉਹਨਾਂ ਨੂੰ ਬਚਾਉਂਦਾ ਹੈ, ਅਤੇ ਹਰ ਇੱਕ ਮੈਦਾਨ ਵਿੱਚ ਉਹਨਾਂ ਨੂੰ ਫ਼ਤਿਹ ਬੱਖ਼ਸ਼ਦਾ ਹੈ। ਉਹ ਮਨੁੱਖ ਕਿੰਨਾ ਖ਼ੁਸ਼ ਕਿਸਮਤ ਹੈ ਜੋ ਖ਼ੁਦਾ ਦਾ ਲੜ ਨਾ ਛੱਡੇ। ਅਸੀਂ ਉਸ ਤੇ ਈਮਾਨ ਲਿਆਏ, ਅਸੀ ਉਸ ਨੂੰ ਪਛਾਣਿਆ, ਸਾਰੀ ਦੁਨਿਆਂ ਦਾ ਉਹੀ ਖ਼ੁਦਾ ਹੈ ਜਿਸ ਨੇ ਮੇਰੇ ਤੇ ਵਹੀ (ਆਕਾਸ਼ਬਾਣੀ) ਉਤਾਰੀ, ਜਿਸਨੇ ਮੇਰੇ ਲਈ ਵੱਡੇ- ਵੱਡੇ ਚਮਤਕਾਰ ਦਿਖਾਏ, ਜਿਸ ਨੇ ਮੈਨੂੰ ਇਸ ਸਮੇ ਲਈ ਮਸੀਹ ਮੌਊਦ (ਜਿਸ ਦੇ ਪ੍ਰਗਟ ਹੋਣ ਦੀਆਂ ਭਵਿਖਬਾਣੀ ਮੌਜੂਦ ਹਨ) ਬਣਾ ਕੇ ਭੇਜਿਆ। ਉਸ ਤੋਂ ਬਿਨਾਂ ਕੋਈ ਖ਼ੁਦਾ ਨਹੀਂ ਨਾ ਅਕਾਸ਼ ਤੇ ਨਾ ਜ਼ਮੀਨ ਤੇ ਜਿਹੜਾ ਮਨੁੱਖ ਉਸ ਉੱਤੇ ਈਮਾਨ ਨਹੀ ਲਿਆਉਂਦਾਂ, ਉਹ ਨੇਕੀ ਤੋਂ ਖਾਲੀ ਅਤੇ ਜ਼ਿੱਲਤ ਵਿੱਚ ਫ਼ਸਿਆ ਹੋਇਆ ਹੈ ਅਸੀ ਅਪਣੇ ਖ਼ੁਦਾ ਦੀ ਸੂਰਜ ਵਾਂਗ ਰੋਸ਼ਨ ਵਹੀ (ਆਕਾਸ਼ਬਾਣੀ) ਪਾਈ। ਅਸੀਂ ਉਸ ਨੂੰ ਵੇਖ ਲਿਆ ਕਿ ਦੁਨੀਆਂ ਦਾ ਉਹੀ ਖ਼ੁਦਾ ਹੈ, ਉਸ ਤੋਂ ਬਿਨਾਂ ਕੋਈ ਖ਼ੁਦਾ ਨਹੀਂ, ਕਿੰਨਾ ਹੀ ਕਾਦਰ (ਕੁਦਰਤ ਰਖਨ ਵਾਲਾ) ਅਤੇ ਕਯੂਮ (ਖ਼ੁਦ ਵੀ ਕਾਯਮ ਤੇ ਦੁਜਿਆਂ ਨੂੰ ਵੀ ਕਾਯਮ ਰੱਖਨ ਵਾਲਾ) ਖ਼ੁਦਾ ਹੈ ਜਿਸ ਨੂੰ ਅਸੀਂ ਪਾਇਆ। ਕਿੱਨੀਆਂ ਵੱਡੀਆਂ ਕੁਦਰਤਾਂ ਦਾ ਮਾਲਿਕ ਹੈ ਜਿਸ ਨੂੰ ਅਸੀਂ ਦੇਖਿਆ, ਸੱਚ ਤਾਂ ਇਹ ਹੈ ਕਿ ਉਸ ਅੱਗੇ ਕੋਈ ਗੱਲ ਅਣਹੋਨੀ ਨਹੀ, ਪਰ ਉਹੀ ਜੋ ਉਸ ਦੀ ਪੁਸਤਕ (ਕੁਰਆਨ ਮਜੀਦ) ਤੇ ਵਾਅਦੇ ਵਿਰੁਧ ਹੋਵੇ। ਸੋ ਤੁਸੀਂ ਜਦ ਦੁਆ (ਅਰਦਾਸ) ਕਰੋ ਤਾਂ ਉਹਨਾਂ ਜਾਹਿਲ ਨੇਚਰੀਆਂ ਵਾਂਗ ਨਾ ਕਰੋ ਜਿਹੜੇ ਆਪਣੇ ਹੀ ਵਿਚਾਰ ਨਾਲ ਕੁਦਰਤ ਦਾ ਕਾਨੂਨ ਬਣਾ ਬੈਠੇ ਹਨ। ਜਿਸ ਉੱਤੇ ਖ਼ੁਦਾ ਦੀ ਪੁਸਤਕ (ਕੁਰਆਨ ਮਜੀਦ) ਦੀ ਮੁਹਰ ਨਹੀਂ ਕਿਉਕਿ ਉਹ ਮਰਦੂਦ ਹਨ।

ਉਹਨਾਂ ਦੀਆਂ ਦੁਆਵਾਂ ਉੱਕਾ ਹੀ ਸਵੀਕਾਰ ਨਹੀ ਹੋਣਗੀਆਂ ਉਹ ਅੰਨੇ ਹਨ ਨਾ ਕਿ ਸੁਜਾਖੇ, ਉਹ ਮੁਰਦੇ ਹਨ ਨਾ ਕਿ ਜਿਉਂਦੇ, ਖ਼ੁਦਾ ਅੱਗੇ ਆਪਨਾ ਘੜਿਆ ਹੋਇਆ ਕਾਨੂੰਨ ਪੇਸ਼ ਕਰਦੇ ਹਨ ਅਤੇ ਉਸ ਦੀਆਂ ਬੇਅੰਤ ਕੁਦਰਤਾਂ ਨੂੰ ਹਦ ਬੰਨਿਆਂ ਵਿੱਚ ਬੰਨ੍ਹਦੇ ਹਨ ਅਤੇ ਉਸ ਨੂੰ ਕਮਜ਼ੋਰ ਸਮਝਦੇ ਹਨ ਸੋ ਉਹਨਾਂ ਨਾਲ ਅਜਿਹਾ ਹੀ ਸਲੂਕ ਕੀਤਾ ਜਾਏਗਾ ਜਿਹੀ ਕਿ ਉਹਨਾਂ ਦੀ ਹਾਲਤ ਹੈ।

ਪਰ ਜਦ ਤੂੰ ਦੁਆ ਲਈ ਖੜਾ ਹੋਵੇਂ ਤਾਂ ਤੇਰੇ ਲਈ ਜ਼ਰੂਰੀ ਹੈ ਕਿ ਇਹ ਵਿਸ਼ਵਾਸ ਰੱਖੇਂ ਕਿ ਤੇਰਾ ਖ਼ੁਦਾ ਹਰ ਇਕ ਗਲ ਤੇ ਕਾਦਰ ਹੈ ਤਦ ਤੇਰੀ ਦੁਆ ਕਬੂਲ ਹੋਏਗੀ ਅਤੇ ਤੂੰ ਖ਼ੁਦਾ ਦੀ ਕੁਦਰਤ ਦੇ ਅਦਭੁਤ ਨਜ਼ਾਰੇ ਦੇਖੇਂਗਾ, ਜਿਹੜੇ ਅਸੀਂ ਦੇਖੇ ਹਨ ਅਤੇ ਸਾਡੀ ਗਵਾਹੀ ਦੇਖਣ ਨਾਲ ਸੰਬੰਧ ਰਖਦੀ ਹੈ ਨਾ ਕਿ ਕਿੱਸੇ ਦੇ ਰੂਪ ਵਿੱਚ ਉਸ ਦੀ ਦੁਆ ਕਿਸ ਤਰ੍ਹਾਂ ਸਵੀਕਾਰ ਹੋ ਸਕਦੀ ਹੈ ਉਸਨੂੰ ਕਿਸ ਤਰ੍ਹਾਂ ਮੁਸ਼ਕਲ ਸਮੇਂ ਦੁਆ ਦਾ ਹੌਸਲਾ ਹੋ ਸਕਦਾ ਹੈ, ਕਿਉਂਕਿ ਉਹ ਆਪ ਹੀ ਉਸ ਦੁਆ ਨੂੰ ਕੁਦਰਤ ਦੇ ਕਾਨੂਨ ਦੇ ਵਿਰੁਧ ਸਮਝਦਾ ਹੈ ਅਤੇ ਖ਼ੁਦਾ ਨੂੰ ਹਰ ਗਲ ਤੇ ਸਮਰਥ ਨਹੀਂ ਸਮਝਦਾ, ਪਰ ਹੇ ਨੇਕ ਇਨਸਾਨ! ਤੂੰ ਅਜਿਹਾ ਨਾ ਕਰ। ਤੇਰਾ ਖ਼ੁਦਾ ਉਹ ਹੈ ਜਿਸਨੇ ਬੇਅੰਤ ਤਾਰਿਆਂ ਨੂੰ ਬਿਨਾਂ ਥੰਮਾਂ ਦੇ ਲਟਕਾ ਦਿੱਤਾ ਜਿਸਨੇ ਧਰਤੀ ਤੇ ਆਕਾਸ਼ ਨੂੰ ਅਦਮ (ਅਣਹੋਂਦ) ਤੋਂ ਪੈਦਾ ਕੀਤਾ ਹੈ, ਕੀ ਤੂੰ ਉਸ ਤੇ ਭੈੜਾ ਖ਼ਿਆਲ ਰੱਖਦਾ ਹੈ, ਕਿ ਉਹ ਤੇਰੇ ਕੰਮ ਤੋਂ ਆਜਿਜ਼ ਜਾਇਗਾ? (ਅਰਥਾਤ ਨਹੀਂ ਕਰ ਸਕੇਗਾ) ਸਗੋਂ ਤੇਰੀ ਹੀ ਬੱਦ ਗੁਮਾਨੀ ਤੈਨੂੰ ਨੁਕਸਾਨ ਵਿੱਚ ਰਖੇਗੀ। ਸਾਡੇ ਖ਼ੁਦਾ ਵਿੱਚ ਅਨ-ਗਿਣਤ ਕੁਦਰਤਾਂ ਹਨ, ਪਰ ਉਹੀ ਵੇਖਦੇ ਹਨ, ਜਿਹੜੇ ਸੱਚੇ ਤੇ ਸਾਫ਼ ਦਿਲ ਨਾਲ ਉਸਦੇ ਹੋ ਗਏ ਹਨ। ਉਹ ਦੂਜਿਆਂ ਤੇ ਜਿਹੜੇ ਉਸ ਦੀਆਂ ਕੁਦਰਤਾਂ ਤੇ ਵਿਸ਼ਵਾਸ ਨਹੀਂ ਰਖਦੇ ਅਤੇ ਉਸ ਦੇ ਸੱਚੇ ਅਗਿਆਕਾਰੀ ਨਹੀਂ ਹਨ, ਉਹ ਨਿਸ਼ਾਨ ਪ੍ਰਗਟ ਨਹੀ ਕਰਦਾ। ਕਿੰਨਾ ਹੀ ਬਦ ਕਿਸਮਤ ਹੈ ਉਹ ਇਨਸਾਨ ਜਿਸਨੂੰ ਹੁਣ ਤਕ ਇਹ ਪਤਾ ਨਹੀਂ ਕਿ ਉਸ ਦਾ ਇਕ ਖ਼ੁਦਾ ਹੈ ਜੋ ਹਰ ਗੱਲ ਤੇ ਕੁਦਰਤ ਰੱਖਦਾ ਹੈ। ਸਾਡਾ ਸਵਰਗ ਸਾਡਾ ਖ਼ੁਦਾ ਹੈ,

ਸਾਡੇ ਚੰਗੇ ਤੋਂ ਚੰਗੇ ਮਜ਼ੇ ਤੇ ਸੁਆਦ ਸਾਡੇ ਖ਼ੁਦਾ ਵਿੱਚ ਹਨ ਕਿਉਂਕਿ ਅਸੀ ਉਸ ਨੂੰ ਦੇਖਿਆ ਅਤੇ ਹਰ ਇਕ ਸੁੰਦਰਤਾ ਆਪਣੇ ਖ਼ੁਦਾ ਵਿੱਚ ਪਾਈ ਇਹ ਧੰਨ ਲੈਣ ਯੋਗ ਹੈ ਭਾਂਵੇ ਜਾਣ ਦੇਣ ਨਾਲ ਮਿਲੇ ਇਹ ਲਾਲ (ਕੀਮਤੀ ਹੀਰਾ) ਖਰੀਦਨ ਯੋਗ ਹੈ ਭਾਵੇਂ ਆਪਣੇ ਆਪ ਨੂੰ ਗਵਾਣ ਨਾਲ ਮਿਲੇ, ਹੇ ਬੇ ਨਸੀਬੋ! ਇਸ ਸੋਮੇਂ ਵਲ ਦੌੜੋ ਕਿ ਇਹ ਤੁਹਾਡੀ ਤ੍ਰੇਹ ਬੁਝਾਏਗਾ ਇਹ ਜਿੰਦਗੀ ਦਾ ਸੋਮਾਂ ਹੈ ਜੋ ਤੁਹਾਨੂੰ ਬਚਾਇਗਾ। ਮੈਂ ਕੀ ਕਰਾਂ ਅਤੇ ਕਿਸ ਤਰਾਂ ਇਸ ਖ਼ੁਸ਼ਖ਼ਬਰੀ ਨੂੰ ਦਿਲਾਂ ਵਿਚ ਬਿਠਾਵਾਂ? ਕਿਸ ਦੱਫ਼ ਨਾਲ ਬਜ਼ਾਰਾਂ ਵਿੱਚ ਮੁਨਾਦੀ ਕਰਾਂ ਕਿ ਤੁਹਾਡਾ ਇਹ ਖ਼ੁਦਾ ਹੈ ਤਾਂ ਲੋਕ ਸੁਣ ਲੈਣ ? ਅਤੇ ਕਿਸ ਦਵਾ ਨਾਲ ਮੈਂ ਇਲਾਜ ਕਰਾਂ ਤਾਂ ਸੁਣਨ ਲਈ ਲੋਕਾਂ ਦੇ ਕੰਨ ਖੁਲ ਜਾਨ।

## ਖ਼ਬਰਦਾਰ ! ਦੂਜੀਆਂ ਕੌਮਾਂ ਦੀ ਰੀਸ ਨਾ ਕਰੋ

ਖ਼ਬਰਦਾਰ ! ਤੁਸੀ ਦੁਜੀਆਂ ਕੌਮਾਂ ਨੂੰ ਵੇਖ ਕੇ ਉਹਨਾਂ ਦੀਆਂ ਰੀਸਾਂ ਨਾ ਕਰੋ ਕਿ ਉਹਨਾਂ ਨੇ ਦੁਨੀਆਂ ਦੇ ਕੰਮਾਂ ਵਿੱਚ ਉਨੰਤੀ ਕਰ ਲਈ ਹੈ ਆਓ ਅਸੀ ਵੀ ਉਹਨਾਂ ਦੇ ਪਿਛ-ਲਗ ਬਣੀਏ। ਸੁਣੋ ਤੇ ਸਮਝੋ ਕਿ ਉਹ ਉਸ ਖ਼ੁਦਾ ਤੋਂ ਅਤਿ ਅਣਜਾਨ ਹੋ ਗਏ ਹਨ, ਜੋ ਤੁਹਾਨੂੰ ਆਪਣੇ ਵਲ ਬੁਲਾਉਂਦਾ ਹੈ। ਉਹਨਾਂ ਦਾ ਖ਼ੁਦਾ ਕੀ ਹੈ- ਕੇਵਲ ਇਕ ਕਮਜ਼ੋਰ ਇਨਸਾਨ ! ਇਸ ਲਈ ਉਹ ਸੁਸਤੀ ਤੇ ਲਾ ਪਰਵਾਹੀ ਵਿੱਚ ਛੱਡ ਦਿੱਤੇ ਗਏ, ਮੈਂ ਤੁਹਾਨੂੰ ਦੁਨੀਆਂ ਦੇ ਕੰਮ ਕਾਜ ਤੋਂ ਨਹੀਂ ਰੋਕਦਾ, ਪਰ ਤੁਸੀਂ ਉਹਨਾਂ ਦੇ ਪਿਛਲਗ ਨਾ ਬਣੋ ਜਿਹਨਾਂ ਨੇ ਦੁਨੀਆਂ ਨੂੰ ਹੀ ਸਭ ਕੁੱਝ ਸਮਝ ਲਿਆ ਹੈ। ਚਾਹੀਦਾ ਇਹ ਹੈ ਕਿ ਤੁਹਾਡੇ ਹਰ ਕੰਮ ਵਿਚ ਭਾਵੇਂ ਦੁਨੀਆਂ ਦਾ ਹੋਵੇ , ਭਾਵੇਂ ਧਰਮ ਦਾ, ਖ਼ੁਦਾ ਤੋਂ ਸਹਾਇਤਾ ਤੇ ਤਾਕਤ ਮੰਗਣ ਦਾ ਸਿਲਸਿਲਾ ਜਾਰੀ ਰਹੇ,ਪਰ ਕੇਵਲ ਖ਼ੁਸ਼ਕ ਬੁੱਲਾਂ ਨਾਲ ਹੀ ਨਹੀਂ, ਸਗੋਂ ਤੁਹਾਡਾ ਸੱਚ ਮੁਚ ਇਹ ਅਕੀਦਾ ਹੋਵੇ ਕਿ ਹਰ ਇਕ ਬਰਕਤ ਆਕਾਸ਼ ਤੋਂ ਉਤਰਦੀ ਹੈ, ਤੁਸੀਂ ਸੱਚਿਆਰ ਉਸ ਸਮੇਂ ਬਣੋਗੇ ਜਦ ਕਿ ਤੁਸੀਂ ਅਜਿਹੇ ਹੋ ਜਾਓ ਕਿ ਹਰ ਇਕ ਕੰਮ ਵੇਲੇ ਅਤੇ ਪਹਿਲਾਂ

ਇਸ ਦੇ ਕਿ ਤੁਸੀ ਕੋਈ ਤਦਬੀਰ ਕਰੋ ਆਪਣਾ ਬੂਹਾ ਬੰਦ ਕਰੋ ਅਤੇ ਖ਼ੁਦਾ ਦੇ ਦਰ ਤੇ ਡਿੱਗੋ ਕਿ ਸਾਡੇ ਸਾਹਮਣੇ ਇਹ ਔਕੜ ਆ ਗਈ ਹੈ, ਆਪਣੀ ਕ੍ਰਿਪਾ ਨਾਲ ਮੁਸ਼ਕਲ ਨੂੰ ਸੌਖਿਆਂ ਕਰ ਦੇ, ਤਦ ਪਾਕ ਰੂਹ ਤੁਹਾਡੀ ਮਦਦ ਕਰੇਗੀ ਅਤੇ ਖ਼ੁਦਾ ਵੱਲੋਂ ਤੁਹਾਡੇ ਲਈ ਕੋਈ ਰਾਹ ਖੋਲ੍ਹ ਦਿੱਤੀ ਜਾਵੇਗੀ। ਆਪਣੀਆਂ ਜਾਨਾਂ ਤੇ ਰਹਿਮ ਕਰੋ, ਜੋ ਲੋਕ ਖ਼ੁਦਾ ਤੋਂ ਉੱਕਾ ਹੀ ਸਬੰਧ ਤੋੜ ਚੁਕੇ ਹਨ ਅਤੇ ਬਿਲਕੁਲ ਹੀ ਅਸਬਾਬ ਤੇ ਡਿੱਗ ਗਏ ਹਨ, ਇਥੋਂ ਤਕ ਕਿ ਤਾਕਤ ਮੰਗਣ ਸਮੇਂ ਉਹ ਮੁੱਖ ਤੋਂ ਇਨਸ਼ਾ-ਅਲੱਾਹ (ਜੇਕਰ ਅੱਲਾਹ ਚਾਹੇ) ਵੀ ਨਹੀਂ ਕਹਿੰਦੇ ਉਹਨਾਂ ਦੇ ਪਿਛਲਗ ਨਾ ਬਣੋ।

ਖ਼ੁਦਾ ਤੁਹਾਡੀਆਂ ਅੱਖਾਂ ਖੋਲੇ ਤਾਂ ਜੋ ਤੁਹਾਨੂੰ ਜਾਣਕਾਰੀ ਹੋਵੇ ਕਿ ਤੁਹਾਡਾ ਖ਼ੁਦਾ ਤੁਹਾਡੀਆਂ ਸਾਰੀਆਂ ਤਦਬੀਰਾਂ ਦਾ ਸ਼ਹਤੀਰ ਹੈ, ਜੇਕਰ ਸ਼ਹਤੀਰ ਡਿੱਗ ਪਏ ਤਾਂ ਕੀ ਬਾਲੇ ਆਪਣੀ ਛੱਤ ਤੇ ਕਾਯਿਮ ਰਹਿ ਸਕਦੇ ਹਨ? ਨਹੀ ਸਗੋਂ ਇੱਕੋ ਵਾਰ ਡਿੱਗਣਗੇ ਅਤੇ ਸੰਭਵ ਹੈ ਕਿ ਉਹਨਾਂ ਨਾਲ ਕਈ ਖ਼ੂਨ ਵੀ ਹੋ ਜਾਣ, ਇਸੇ ਤਰਾਂ ਤੁਹਾਡੀਆਂ ਵਿਉਂਤਾਂ ਖ਼ੁਦਾ ਦੀ ਸਹਾਇਤਾ ਬਿਨਾਂ ਕਾਇਮ ਨਹੀਂ ਰਹਿ ਸਕਦੀਆਂ। ਜੇਕਰ ਤੁਸੀਂ ਉਸ ਤੋਂ ਸਹਾਇਤਾ ਨਹੀ ਮੰਗੋਗੇ ਅਤੇ ਉਸ ਕੋਲੋਂ ਸ਼ਕਤੀ ਮੰਗਣਾ ਆਪਣਾ ਅਸੂਲ ਨਹੀ ਬਣਾਓਗੇ ਤਾਂ ਤੁਹਾਨੂੰ ਕੋਈ ਸਫ਼ਲਤਾ ਪ੍ਰਾਪਤ ਨਹੀਂ ਹੋਵੇਗੀ ਅਤੇ ਅੰਤ ਵਿੱਚ ਬੜੀ ਹਸਰਤ ਨਾਲ ਮਰੋਗੇ।

ਇਹ ਖ਼ਿਆਲ ਨਾ ਕਰੋ ਕਿ ਦੂਜੀਆਂ ਕੌਮਾਂ ਕਿਉ ਸਫ਼ਲ ਹੋ ਰਹੀਆਂ ਹਨ, ਜਦ ਕਿ ਉਹ ਉੱਸ ਖ਼ੁਦਾ ਨੂੰ ਜਾਣਦੀਆਂ ਵੀ ਨਹੀਂ ਹਨ, ਜੋ ਤੁਹਾਡਾ ਸਰਵ ਸ਼ਕਤੀਮਾਨ ਤੇ ਕਾਦਰ ਖ਼ੁਦਾ ਹੈ। ਇਸ ਦਾ ਉਤਰ ਇਹੀ ਹੈ ਕਿ ਉਹ ਖ਼ੁਦਾ ਨੂੰ ਛੱਡਣ ਕਾਰਨ ਦੁਨੀਆਂ ਦੀ ਪ੍ਰੀਖਿਆ ਵਿੱਚ ਪਾਈਆਂ ਗਈਆਂ ਹਨ। ਖ਼ੁਦਾ ਦੀ ਪ੍ਰੀਖਿਆ ਕਦੇ ਇਸ ਰੂਪ ਵਿੱਚ ਹੁੰਦੀ ਹੈ ਕਿ ਜੋ ਮਨੁੱਖ ਉਸ ਨੂੰ ਛੱਡਦਾ ਹੈ ਤੇ ਦੁਨੀਆਂ ਦੀਆਂ ਮਸਤੀਆਂ ਤੇ ਸੁਆਦਾਂ ਨਾਲ ਦਿਲ ਲਾਉਂਦਾ ਹੈ ਅਤੇ ਦੁਨੀਆਂ ਦੀਆਂ ਦੌਲਤਾਂ ਦਾ ਚਾਹਵਾਨ ਹੁੰਦਾ

ਹੈ, ਤਾਂ ਦੁਨੀਆਂ ਦੇ ਬੂਹੇ ਉਸ ਤੇ ਖੋਲੇ ਜਾਂਦੇ ਹਨ ਅਤੇ ਧਰਮ ਵੱਲੋਂ ਉਹ ਓੱਕਾ ਹੀ ਗ਼ਰੀਬ ਤੇ ਨੰਗਾ ਹੁੰਦਾ ਹੈ ਅਤੇ ਅੰਤ ਦੁਨੀਆਂ ਦੇ ਵਿਚਾਰਾਂ ਵਿੱਚ ਹੀ ਮਰਦਾ ਤੇ ਸਦੀਵੀ ਨਰਕ ਵਿੱਚ ਸੁੱਟਿਆ ਜਾਂਦਾ ਹੈ ਅਤੇ ਕਦੇ ਇਸ ਰੂਪ ਵਿੱਚ ਵੀ ਪ੍ਰੀਖਿਆ ਹੁੰਦੀ ਹੈ, ਕਿ ਦੁਨੀਆਂ ਤੋਂ ਵੀ ਨਾਮੁਰਾਦ (ਅਸਫ਼ਲ) ਹੋ ਜਾਂਦਾ ਹੈ, ਪਰ ਉਹ ਪ੍ਰੀਖਿਆ ਜਿਸ ਦਾ ਵਰਨਣ ਪਿੱਛੋਂ ਕੀਤਾ ਗਿਆ ਹੈ ਅਜਿਹੀ ਭਿਆਨਕ ਨਹੀਂ ਹੁੰਦੀ ਜਿਹੀ ਕਿ ਪਹਿਲੀ। ਕਿਉਂਕਿ ਪਹਿਲੀ ਪ੍ਰੀਖਿਆ ਵਾਲਾ ਬਹੁਤਾ ਹੰਕਾਰੀ ਹੁੰਦਾ ਹੈ। ਗੱਲ ਕੀ, ਇਹ ਦੋਵੇਂ ਜਮਾਤਾਂ ਮਗਜ਼ੂਬੇ ਅਲੈਹਿਮ ਹਨ (ਜਿਨ੍ਹਾਂ ਤੇ ਖ਼ੁਦਾ ਦਾ ਕਹਿਰ ਉਤਰਿਆ ਹੈ ) ਸੱਚੀ ਖ਼ੁਸਹਾਲੀ ਦਾ ਸੋਮਾ ਖ਼ੁਦਾ ਹੈ ਸੋ ਜਦ ਉਹ ਹੱਯੋ-ਕੱਯੂਮ (ਜੋ ਆਪ ਵੀ ਜੀਉਂਦਾ ਹੈ ਤੇ ਕਾਇਮ ਹੈ ਅਤੇ ਦੂਜਿਆਂ ਨੂੰ ਵੀ ਜ਼ਿੰਦਗੀ ਬਖਸ਼ਣ ਵਾਲਾ ਤੇ ਕਾਇਮ ਰੱਖਣ ਵਾਲਾ ਹੈ) ਖ਼ੁਦਾ ਤੋਂ ਇਹ ਲੋਕ ਅਣਜਾਨ ਹਨ, ਸਗੋਂ ਲਾ-ਪਰਵਾਹ ਹਨ ਅਤੇ ਉਸ ਤੋਂ ਮੂੰਹ ਮੋੜ ਰਹੇ ਹਨ ਤਾਂ ਸੱਚੀ ਖ਼ੁਸ਼ਹਾਲੀ ਉਹਨਾਂ ਨੂੰ ਕਿਵੇਂ ਪ੍ਰਾਪਤ ਹੋ ਸਕਦੀ ਹੈ। ਮੁਬਾਰਕ ਹੋਵੇ ਉਸ ਇਨਸਾਨ ਨੂੰ ਜੋ ਇਸ ਭੇਤ ਨੂੰ ਸਮਝ ਲਵੇ ਅਤੇ ਉਹ ਇਨਸਾਨ ਹਲਾਕ ਹੋ ਗਿਆ ਜਿਸ ਨੇ ਇਸ ਭੇਤ ਨੂੰ ਨਹੀਂ ਸਮੱਝਿਆ।

ਇਸੇ ਤਰਾਂ ਤੁਹਾਨੂੰ ਚਾਹੀਦਾ ਹੈ ਕਿ ਇਸ ਦੁਨੀਆਂ ਦੇ ਫ਼ਲਸਫ਼ੀਆਂ ਦੇ ਪਿਛਲਗ ਨਾ ਬਣੋ ਅਤੇ ਉਹਨਾਂ ਨੂੰ ਸੱਤਿਕਾਰ ਦੀ ਨਿਗਾਹ ਨਾਲ ਨਾ ਵੇਖੋ, ਇਹ ਸਭ ਮੂਰਖਤਾ ਦੀਆਂ ਗੱਲਾਂ ਹਨ। ਸੱਚਾ ਫ਼ਲਸਫ਼ਾ ਉਹ ਹੈ ਜੋ ਖ਼ੁਦਾ ਨੇ ਤੁਹਾਨੂੰ ਕੁਰਆਨ ਮਜੀਦ ਵਿੱਚ ਸਿਖਾਇਆ ਹੈ। ਉਹ ਲੋਕ ਹਲਾਕ ਹੋ ਗਏ, ਜਿਹੜੇ ਇਸ ਦੁਨੀਆਂ ਦੇ ਫ਼ਲਸਫ਼ੇ ਦੇ ਆਸ਼ਕ ਹਨ ਅਤੇ ਉਹ ਲੋਕ ਸਫ਼ਲ ਹਨ ਜਿਹਨਾਂ ਨੇ ਸੱਚੇ ਗਿਆਨ ਤੇ ਫ਼ਲਸਫ਼ੇ ਨੂੰ ਖ਼ੁਦਾ ਦੀ ਕਿਤਾਬ ਅਰਥਾਤ ਕੁਰਆਨ ਮਜੀਦ ਵਿੱਚੋਂ ਲੱਭਿਆ ਮੂਰਖਤਾ ਦੀ ਰਾਹ ਕਿਉਂ ਅਪਨਾਉਂਦੇ ਹੋ? ਕੀ ਤੁਸੀਂ ਖ਼ੁਦਾ ਨੂੰ ਉਹ ਗੱਲਾਂ ਸਿਖਾਉਂਦੇ ਹੋ ਜਿਨ੍ਹਾਂ ਦਾ ਉਸ ਨੂੰ ਪਤਾ ਨਹੀ? ਕੀ ਤੁਸੀਂ ਅੰਨ੍ਹਿਆਂ ਪਿੱਛੇ ਦੌੜਦੇ ਹੋ ਕਿ ਉਹ ਤੁਹਾਨੂੰ ਰਾਹ ਦਿਖਾਓਣ ? ਹੇ ਨਾਦਾਨੋ! ਉਹ ਜੋ

ਆਪ ਅੰਨ੍ਹਾ ਹੈ ਉਹ ਤੁਹਾਨੂੰ ਕੀ ਰਾਹ ਦਿਖਾਵੇਗਾ ? ਸਗੋਂ ਸੱਚਾ ਫ਼ਲਸਫ਼ਾ ਪਾਕ ਰੂਹ ਤੋਂ ਪ੍ਰਾਪਤ ਹੁੰਦਾ ਹੈ ਜਿਸਦਾ ਤੁਹਾਨੂੰ ਵਾਅਦਾ ਦਿੱਤਾ ਗਿਆ ਹੈ, ਤੁਸੀਂ ਪਾਕ ਰੂਹ ਦੇ ਵਸੀਲੇ ਨਾਲ ਉਸ ਪਵਿੱਤਰ ਗਿਆਨ ਤਕ ਪਹੁੰਚਾਏ ਜਾਓਗੇ ਜਿਹਨਾਂ ਤਕ ਗ਼ੈਰਾਂ ਦੀ ਪਹੁੰਚ ਨਹੀਂ । ਜੇਕਰ ਸੱਚਾਈ ਨਾਲ ਮਰੋਗੇ ਤਾਂ ਤੁਸੀ ਅੰਤ ਉਸ ਨੂੰ ਪਾਓਗੇ, ਤਦ ਸਮਝੋਗੇ ਕਿ ਇਹੀ ਗਿਆਨ ਹੈ ਜੋ ਦਿਲ ਨੂੰ ਤਾਜ਼ਗੀ ਤੇ ਜ਼ਿੰਦਗੀ ਬਖ਼ਸ਼ਦਾ ਹੈ ਅਤੇ ਯਕੀਨ ਦੇ ਮੀਨਾਰ ਤਕ ਪਹੁੰਚਾ ਦਿੰਦਾ ਹੈ ਉਹ ਜੋ ਮੁਰਦਾਰ ਖਾਣ ਵਾਲਾ ਹੈ ਓਹ ਕਿੱਥੋਂ ਤੁਹਾਡੇ ਲਈ ਪਵਿੱਤਰ ਖ਼ੁਰਾਕ ਲਿਆਵੇਗਾ ? ਉਹ ਜੋ ਆਪ ਅੰਨ੍ਹਾ ਹੈ ਉਹ ਕਿਵੇਂ ਤੁਹਾਨੂੰ ਰਾਹ ਵਿਖਾਵੇਗਾ ? ਹਰ ਇਕ ਪਵਿੱਤਰ ਗਿਆਨ ਆਕਾਸ਼ ਤੋਂ ਉਤਰਦਾ ਹੈ । ਸੋ ਤੁਸੀਂ ਧਰਤੀ ਦੇ ਲੋਕਾਂ ਪਾਸੋਂ ਕੀ ਲਭਦੇ ਹੋ? ਜਿਹਨਾਂ ਦੀਆਂ ਆਤਮਾਵਾਂ ਆਕਾਸ਼ ਵਲ ਜਾਦੀਆਂ ਹਨ ਉਹੀ ਗਿਆਨ ਦੇ ਵਾਰਸ ਹਨ, ਜਿਹਨਾਂ ਨੂੰ ਆਪ ਤਸੱਲੀ ਨਹੀਂ, ਉਹ ਕਿਵੇਂ ਤੁਹਾਨੂੰ ਤਸੱਲੀ ਦੇ ਸਕਦੇ ਹਨ? ਪਰ ਪਹਿਲਾਂ ਦਿਲ ਦੀ ਪਵਿੱਤਰਤਾ ਜ਼ਰੂਰੀ ਹੈ ਪਹਿਲਾਂ ਮਨ ਦੀ ਸੱਚਾਈ ਜ਼ਰੂਰੀ ਹੈ ਫ਼ੇਰ ਇਸ ਮਗਰੋਂ ਇਹ ਸਭ ਕੁੱਝ ਤੁਹਾਨੂੰ ਮਿਲੇਗਾ ।

## ਖ਼ੁਦਾ ਸਾਡੀਆਂ ਸਾਰੀਆਂ ਤਦਬੀਰਾਂ ਦਾ ਸ਼ਹਤੀਰ ਹੈ ।

ਜੇਕਰ ਤੁਸੀਂ ਖ਼ੁਦਾ ਦੇ ਹੋ ਜਾਓਗੇ ਤਾਂ ਯਕੀਨ ਜਾਣੋ, ਕਿ ਖ਼ੁਦਾ ਤੁਹਾਡਾ ਹੀ ਹੈ । ਤੁਸੀ ਸੁਤੇ ਹੋਵੋਗੇ ਤੇ ਖ਼ੁਦਾ ਤੁਹਾਡੇ ਲਈ ਜਾਗੇਗਾ, ਤੁਸੀ ਦੁਸ਼ਮਨ ਤੋਂ ਬੇਖ਼ਬਰ ਹੋਵੋਗੇ ਖ਼ੁਦਾ ਉਸਨੂੰ ਦੇਖੇਗਾ ਅਤੇ ਉਸ ਦੇ ਮਨਸੂਬੇ (ਵਿਉਂਤਾਂ) ਨੂੰ ਤੋੜੇਗਾ ਤੁਸੀਂ ਅਜੇ ਤਕ ਨਹੀਂ ਜਾਣਦੇ ਕਿ ਤੁਹਾਡੇ ਖ਼ੁਦਾ ਵਿੱਚ ਕੀ ਕੀ ਕੁਦਰਤਾਂ ਹਨ ਜੇਕਰ ਤੁਸੀ ਜਾਣਦੇ ਤਾਂ ਕੋਈ ਦਿਨ ਤੁਹਾਡੇ ਤੇ ਅਜਿਹਾ ਨਾ ਆਉਂਦਾ ਕਿ ਤੁਸੀਂ ਦੁਨੀਆਂ ਲਈ ਅਤਿ ਉਦਾਸ ਹੋ ਜਾਂਦੇ । ਇਕ ਇਨਸਾਨ ਜੋ ਇਕ ਖ਼ਜ਼ਾਨਾਂ ਆਪਣੇ ਪਾਸ

ਰਖਦਾ ਹੈ ਕੀ ਉਹ ਇਕ ਪੈਸੇ ਦੇ ਗੁਆਚ ਜਾਨ ਤੇ ਰੋਂਦਾ ਤੇ ਚੀਕਾਂ ਮਾਰਦਾ ਹੈ ਅਤੇ ਹਲਾਕ ਹੋਣ ਲਗਦਾ ਹੈ? ਫ਼ਿਰ ਜੇਕਰ ਤੁਹਾਨੂੰ ਇਸ ਖ਼ਜ਼ਾਨੇ ਦੀ ਖ਼ਬਰ ਹੁੰਦੀ ਕਿ ਤੁਹਾਡਾ ਖ਼ੁਦਾ ਹਰ ਇਕ ਲੋੜ ਸਮੇਂ ਕੰਮ ਆਉਣ ਵਾਲਾ ਹੈ ਤਾਂ ਤੁਸੀਂ ਦੁਨੀਆਂ ਲਈ ਅਜਿਹੇ ਬੇਖ਼ੁਦ ਕਿਉ ਹੁੰਦੇ? ਖ਼ੁਦਾ ਇੱਕ ਪਿਆਰਾ ਖ਼ਜ਼ਾਨਾ ਹੈ, ਉਸ ਦੀ ਕਦਹ ਕਰੋ ਕਿ ਉਹ ਤੁਹਾਡੇ ਹਰ ਕਦਮ ਤੇ ਤੁਹਾਡਾ ਸਹਾਇਕ ਹੈ, ਤੁਸੀਂ ਉਸ ਬਿਨਾਂ ਕੁੱਝ ਵੀ ਨਹੀਂ ਅਤੇ ਨਾ ਤੁਹਾਡੇ ਵਸੀਲੇ ਤੇ ਨਾ ਤੁਹਾਡੀਆਂ ਤਦਬੀਰਾਂ (ਜਤਨ) ਕੋਈ ਚੀਜ਼ ਹਨ।

ਦੂਜੀਆਂ ਕੌਮਾਂ ਦੇ ਪਿਛਲਗ ਨਾ ਬਣੋ, ਕਿ ਜੋ ਉੱਕਾ ਹੀ ਵਸੀਲਿਆਂ ਤੇ ਡਿੱਗ ਗਈਆਂ ਅਤੇ ਜਿਸ ਤਰਾਂ ਸੱਪ ਮਿੱਟੀ ਖਾਂਦਾ ਹੈ, ਉਹਨਾਂ ਨੇ ਸਿਫ਼ਲੀ (ਘਟੀਆ) ਵਸੀਲਿਆਂ ਦੀ ਮਿੱਟੀ ਖਾਧੀ ਅਤੇ ਜਿਸ ਪ੍ਰਕਾਰ ਗਿਰਜਾਂ ਤੇ ਕੁੱਤੇ ਮੁਰਦਾਰ ਖਾਂਦੇ ਹਨ ਉਹਨਾਂ ਨੇ ਵੀ ਮੁਰਦਾਰ ਤੇ ਦੰਦ ਮਾਰੇ, ਉਹ ਖ਼ੁਦਾ ਤੋਂ ਬਹੁਤ ਦੂਰ ਜਾ ਪਏ, ਇਨਸਾਨਾਂ ਦੀ ਪੂਜਾ ਕੀਤੀ ਅਤੇ ਸੂਰ ਖਾਧਾ ਤੇ ਸ਼ਰਾਬ ਨੂੰ ਪਾਣੀ ਵਾਂਗ ਵਰਤਿਆ ਅਤੇ ਹਦੋਂ ਵੱਧ ਅਸਬਾਬ ਤੇ ਡਿੱਗਣ ਅਤੇ ਖ਼ੁਦਾ ਤੋਂ ਸ਼ਕਤੀ ਨਾ ਮੰਗਣ ਕਾਰਨ ਉਹ ਮਰ ਗਏ ਅਤੇ ਆਕਾਸ਼ੀ ਆਤਮਾਂ ਉਹਨਾਂ ਵਿੱਚੋਂ ਅਜਿਹੀ ਨਿਕਲ ਗਈ, ਜਿਹਾ ਕਿ ਇੱਕ ਆਲ੍ਹਣੇ ਵਿੱਚੋਂ ਕਬੂਤਰ ਉਡ ਜਾਂਦਾ ਹੈ। ਉਹਨਾਂ ਵਿੱਚ ਦੁਨੀਆਂ ਦੀ ਪੂਜਾ ਦਾ ਕੋੜ੍ਹ ਹੈ ਜਿਸਨੇ ਉਹਨਾਂ ਦੇ ਸਾਰੇ ਅੰਦਰ ਦੇ ਅੰਗ (ਅਰਥਾਤ ਆਤਮਕ ਸ਼ਕਤੀਆਂ) ਕੱਟ ਦਿੱਤੇ ਹਨ, ਸੋ ਤੁਸੀ ਇਸ ਕੋੜ੍ਹ ਤੋਂ ਡਰੋ, ਮੈਂ ਤੁਹਾਨੂੰ ਇੱਕ ਹੱਦ ਵਿੱਚ ਰਹਿੰਦਿਆਂ ਹੋਇਆਂ ਅਸਬਾਬ ਤੋਂ ਕੰਮ ਲੈਣ ਤੋਂ ਨਹੀ ਰੋਕਦਾ ਸਗੋਂ ਇਸ ਗੱਲ ਤੋਂ ਰੋਕਦਾ ਹਾਂ ਕਿ ਤੁਸੀ ਦੂਜੀਆਂ ਕੌਮਾਂ ਵਾਂਗ ਉੱਕਾ ਹੀ ਅਸਬਾਬ ਦੇ ਬੰਦੇ ਬਣ ਜਾਓ ਅਤੇ ਉਸ ਖ਼ੁਦਾ ਨੂੰ ਭੁਲਾ ਦਿਓ ਜੋ ਅਸਬਾਬ ਬਣਾਉਂਦਾ ਹੈ, ਜੇਕਰ ਤੁਹਾਡੀ ਅੱਖ ਹੋਵੇ ਤਾਂ ਤੁਹਾਨੂੰ ਦਿੱਸੇ ਕਿ ਖ਼ੁਦਾ ਹੀ ਖ਼ੁਦਾ ਹੈ ਹੋਰ ਬਾਕੀ ਸਾਰੀਆਂ ਗੱਲਾਂ ਵਿਅਰਥ ਹਨ ਤੁਸੀਂ ਨਾ ਹੱਥ ਲੰਮਾ ਕਰ ਸਕਦੇ ਹੋ ਨਾ ਇਕੱਠਾ ਕਰ ਸਕਦੇ ਹੋ ਪਰ ਉਸ ਦੇ ਹੁਕਮ ਨਾਲ। ਇੱਕ ਮੁਰਦਾ ਇਸ ਤੇ ਹੱਸੇਗਾ, ਪਰ

ਅਫ਼ਸੋਸ ਜੇਕਰ ਉਹ ਮਰ ਜਾਂਦਾ ਤਾਂ ਇਹ ਗੱਲ ਉਸ ਲਈ ਇਸ ਹਾਸੇ ਤੋਂ ਚੰਗੀ ਸੀ।

## 'ਵਹੀ' (ਅਕਾਸ਼ਬਾਣੀ ) ਦਾ ਬੂਹਾ ਹੁਣ ਵੀ ਖੁੱਲਾ ਹੈ।

ਇਹ ਖਿਆਲ ਮਤ ਕਰੋ ਕਿ ਖ਼ੁਦਾ ਦੀ ਵਹੀ (ਆਕਾਸ਼ਬਾਣੀ) ਅੱਗੇ ਨਹੀ ਸਗੋਂ ਪਿੱਛੇ ਰਹਿ ਗਈ ਹੈ, ਅਤੇ ''ਰੂਹੁਲਕੁਦੁਸ'' ਹੁਣ ਨਹੀਂ ਉਤਰਦਾ ਸਗੋਂ ਪਹਿਲੇ ਸਮਿਆਂ ਵਿੱਚ ਹੀ ਉਤਰ ਚੁਕਿਆ ਹੈ। ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਹਰ ਇਕ ਬੂਹਾ ਬੰਦ ਹੋ ਜਾਂਦਾ ਹੈ,ਪਰ ''ਰੂਹੁਲਕੁਦੁਸ'' ਦੇ ਉਤਰਣ ਦਾ ਬੂਹਾ ਕਦੇ ਬੰਦ ਨਹੀਂ ਹੁੰਦਾ। ਤੁਸੀ ਆਪਣੇ ਦਿਲਾਂ ਦੇ ਬੂਹੇ ਖੋਲ ਦਿਓ ਤਾਂ ਓਹ ''ਰੂਹੁਲਕੁਦੁਸ'' ਉਸ ਵਿੱਚ ਦਾਖ਼ਲ ਹੋਵੇ। ਤੁਸੀ ਤਾਂ ਉਸ ਸੂਰਜ (ਅਰਥਾਤ ਰੂਹੁਲ ਕੁਦੁਸ) ਤੋਂ ਆਪ ਆਪਣੇ ਆਪ ਨੂੰ ਦੂਰ ਲੈ ਜਾਂਦੇ ਹੋ, ਜਦੋਂ ਕਿ ਉਸ ਦੀ ਰੋਸ਼ਨੀ ਦਾਖ਼ਲ ਹੋਣ ਦੀ ਖਿੜਕੀ ਨੂੰ ਬੰਦ ਕਰਦੇ ਹੋ। ਮੂਰਖ!ਉਠ ਅਤੇ ਇਸ ਖਿੜਕੀ ਨੂੰ ਖੋਲ ਦੇ, ਤਦ ਸੂਰਜ (ਅਰਥਾਤ ਰੂਹੁਲਕੁਦੁਸ) ਆਪਣੇ ਆਪ ਤੇਰੇ ਅੰਦਰ ਦਾਖ਼ਲ ਹੋ ਜਾਏਗਾ , ਜਦ ਕਿ ਖ਼ੁਦਾ ਨੇ ਦੁਨੀਆਂ ਦੀਆਂ ਬਰਕਤਾਂ ਦੀਆਂ ਰਾਹਾਂ ਇਸ ਸਮੇਂ ਤੁਹਾਡੇ ਤੇ ਬੰਦ ਨਹੀਂ ਕੀਤੀਆਂ ਸਗੋਂ ਬਹੁਤੀਆਂ ਕੀਤੀਆਂ ਹਨ। ਤੁਹਾਡਾ ਕੀ ਖਿਆਲ ਹੈ ਕਿ ਆਕਾਸ਼ ਦੀਆਂ ਬਰਕਤਾਂ ਜਿਹਨਾਂ ਦੀ ਤੁਹਾਨੂੰ ਇਸ ਸਮੇਂ ਬਹੁਤ ਲੋੜ ਹੈ, ਉਹ ਤੁਹਾਡੇ ਤੇ ਬੰਦ ਕੀਤੀਆਂ ਹਨ? ਉੱਕਾ ਹੀ ਨਹੀ ! ਸਗੋਂ ਵੱਡੀ ਸਫ਼ਾਈ ਨਾਲ ਉਹ ਬੂਹਾ ਖੁਲ ਗਿਆ ਹੈ। ਹੁਣ ਜਦ ਕਿ ਖ਼ੁਦਾ ਨੇ ਆਪਣੀ ਸਿੱਖਿਆ ਅਨੁਸਾਰ, ਜਿਹੜੀ ਸੂਰਤ ਫ਼ਾਤਿਹਾ ਵਿੱਚ ਸਿਖਾਈ ਗਈ ਹੈ, ਪਿਛਲੀਆਂ ਸਾਰੀਆਂ ਨੇਅਮਤਾਂ ਦੇ ਬੂਹੇ ਤੁਹਾਡੇ ਉੱਤੇ ਖੋਲ ਦਿੱਤੇ ਹਨ, ਤਾਂ ਤੁਸੀ ਕਿਉ ਉਹਨਾਂ ਦੇ ਲੈਣ ਤੋਂ ਇਨਕਾਰ ਕਰਦੇ ਹੋ? ਇਸ ਸੋਮੇ ਦੇ ਤਿਹਾਏ ਬਣੋ ਕਿ ਪਾਣੀ

ਆਪਣੇ ਆਪ ਆ ਜਾਵੇਗਾ। ਉਸ ਦੁੱਧ ਲਈ ਤੁਸੀਂ ਬੱਚੇ ਵਾਂਗ ਰੋਣਾਂ ਅਰੰਭ ਕਰ ਦਿਓ ਕਿ ਦੁੱਧ ਥਣਾਂ ਤੋਂ ਆਪਣੇ ਆਪ ਉਤਰ ਆਵੇਗਾ।

ਰਹਿਮ ਦੇ ਯੋਗ ਬਣੋ ਤਾਂ ਤੁਹਾਡੇ ਤੇ ਰਹਿਮ ਕੀਤਾ ਜਾਵੇ, ਰੱਬ ਲਈ ਬੇਚੈਨ ਹੋ ਜਾਓ ਤਾਂ ਜੋ ਤਸੱਲੀ ਪਾਓ, ਮੁੜ -ਮੁੜ ਕੇ ਚਿੱਲਾਓ, ਤਾਂ ਇਕ ਹੱਥ ਤੁਹਾਨੂੰ ਫੜ ਲਵੇ। ਕਿੰਨਾ ਹੀ ਕਠਿਨ ਹੈ ਉਹ ਮਾਰਗ ਜੋ ਖ਼ੁਦਾ ਦਾ ਮਾਰਗ ਹੈ, ਪਰ ਇਹ ਮਾਰਗ ਉਹਨਾਂ ਲਈ ਸੌਖਾ ਕਰ ਦਿੱਤਾ ਜਾਂਦਾ ਹੈ ਜੋ ਮਰਨ ਦੀ ਨੀਯਤ ਨਾਲ ਇਸ ਡੂੰਘੇ ਟੋਏ ਵਿੱਚ ਡਿੱਗਦੇ ਹਨ। ਮੁਬਾਰਕ ਉਹ ਜੋ ਖ਼ੁਦਾ ਲਈ ਆਪਣੇ ਮੰਨ ਨਾਲ ਜੰਗ ਕਰਦੇ ਹਨ ਅਤੇ ਬਦ-ਨਸੀਬ ਹਨ ਉਹ ਜੋ ਆਪਣੇ ਆਪ ਲਈ ਖ਼ੁਦਾ ਨਾਲ ਜੰਗ ਕਰਦੇ ਹਨ ਅਤੇ ਉਸ ਨਾਲ ਸਬੰਧ ਪੈਦਾ ਨਹੀਂ ਕਰਦੇ ਜਿਹੜਾ ਮਨੁੱਖ ਆਪਣੇ ਮਨ ਦੀ ਇੱਛਿਆ ਲਈ ਖ਼ੁਦਾ ਦੇ ਹੁਕਮ ਨੂੰ ਟਾਲਦਾ ਹੈ, ਉਹ ਰੱਬ ਦੀ ਦਰਗਾਹ ਵਿੱਚ ਉੱਕਾ ਹੀ ਦਾਖਲ ਨਹੀਂ ਹੁੰਦਾ ਸੋ ਤੁਸੀਂ ਕੋਸ਼ਿਸ਼ ਕਰੋ ਕਿ ਇਕ ਬਿੰਦੀ ਜਾਂ ਇਕ ਨਿੱਕੇ ਤੋਂ ਨਿੱਕਾ ਅੰਸ਼ ਕੁਰਆਨ ਮਜੀਦ ਦਾ ਵੀ ਤੁਹਾਡੇ ਸੰਬੰਧ ਵਿੱਚ ਗਵਾਹੀ ਨ ਦੇਵੇ ਤਾਂ ਜੋ ਤੁਸੀ ਇਸ ਲਈ ਫੜੇ ਨਾ ਜਾਓ, ਕਿਉਂਕਿ ਇੱਕ ਨਿੱਕੀ ਜਿਹੀ ਬਦੀ ਵੀ ਪਕੜੇ ਜਾਣ ਦੇ ਯੋਗ ਹੈ। ਸਮਾਂ ਥੋੜਾ ਹੈ ਤੇ ਜ਼ਿੰਦਗੀ ਦਾ ਭਰੋਸਾ ਨਹੀਂ। ਤੇਜ਼ ਕਦਮ ਚੁੱਕੋ ਇਸ ਲਈ ਕਿ ਰਾਤ ਨੇੜੇ ਹੈ ਜੋ ਕੁੱਝ ਖ਼ੁਦਾ ਅੱਗੇ ਪੇਸ਼ ਕਰਨਾ ਹੈ ਉਸਨੂੰ ਮੁੜ-ਮੁੜ ਵੇਖ ਲਓ, ਅਜਿਹਾ ਨ ਹੋਵੇ ਕਿ ਕੁੱਝ ਰਹਿ ਜਾਵੇ ਅਤੇ ਨੁਕਸਾਨ ਦਾ ਕਾਰਨ ਹੋਵੇ, ਜਾਂ ਸਾਰੀ ਦੌਲਤ ਗੰਦੀ ਤੇ ਖੋਟੀ ਹੋ ਜਾਵੇ, ਜੋ ਸ਼ਾਹੀ ਦਰਬਾਰ (ਅਰਥਾਤ ਖ਼ੁਦਾ ਦੇ ਦਰਬਾਰ) ਵਿੱਚ ਪੇਸ਼ ਕਰਨ ਦੇ ਯੋਗ ਨਾ ਹੋਵੇ।

## ਕੁਰਆਨ ਦਾ ਉੱਚਾ ਸਥਾਨ

ਮੈਂ ਸੁਣਿਆ ਹੈ ਕਿ ਤੁਹਾਡੇ ਚੋਂ ਕੁਝ ਹਦੀਸ ਨੂੰ ਉੱਕਾ ਹੀ ਨਹੀਂ ਮੰਨਦੇ ਜੇਕਰ ਉਹ ਅਜਿਹਾ ਕਰਦੇ ਹਨ ਤਾਂ ਸਖ਼ਤ ਗ਼ਲਤੀ ਕਰਦੇ ਹਨ। ਮੈਂ ਇਹ ਸਿਖਿਆ ਨਹੀਂ ਦਿੱਤੀ ਕਿ ਅਜਿਹਾ ਕਰੋ, ਸਗੋਂ ਮੇਰਾ ਤਾਂ ਅਕੀਦਾ

ਇਹ ਹੈ ਕਿ ਤਿੰਨ ਚੀਜ਼ਾਂ ਹਨ ਜੋ ਤੁਹਾਡੀ ਹਦਾਇਤ ਲਈ ਰੱਬ ਨੇ ਤੁਹਾਨੂੰ ਦਿੱਤੀਆਂ ਹਨ।

(੧) ਸਭ ਤੋਂ ਪਹਿਲਾਂ ਕੁਰਆਨ ਮਜੀਦ ਹੈ ਜਿਸ ਵਿੱਚ ਰੱਬ ਦੀ ਤੌਹੀਦ (ਇਕ ਈਸ਼ਵਰਵਾਦ) ਜਲਾਲ ਅਤੇ ਅਜ਼ਮਤ ਦਾ ਵਰਨਣ ਹੈ ਅਤੇ ਜਿਸ ਵਿੱਚ ਉਹਨਾਂ ਮੱਤ ਭੇਦਾਂ ਦਾ ਫ਼ੈਸਲਾ ਕੀਤਾ ਗਿਆ ਹੈ ਜਿਹੜੇ ਯਹੂਦੀਆਂ ਅਤੇ ਈਸਾਈਆਂ ਵਿੱਚ ਸਨ ਏਸੇ ਪ੍ਰਕਾਰ ਕੁਰਆਨ ਮਜੀਦ ਵਿੱਚ ਇਸ ਗਲ ਤੋਂ ਮਨਾਂ ਕੀਤਾ ਗਿਆ ਹੈ ਕਿ ਇਕ ਰੱਬ ਤੋਂ ਇਲਾਵਾ ਤੁਸੀਂ ਕਿਸੇ ਹੋਰ ਦੀ ਬੰਦਗੀ ਨਾ ਕਰੋ ਨਾ ਇਨਸਾਨ ਦੀ, ਨਾ ਜਾਨਵਰਾਂ ਦੀ, ਨਾ ਸੂਰਜ ਦੀ, ਨਾ ਚੰਨ ਦੀ ਅਤੇ ਨਾ ਹੀ ਕਿਸੇ ਹੋਰ ਸਿਤਾਰੇ ਦੀ, ਅਤੇ ਨਾ ਵਸੀਲਿਆਂ ਦੀ ਅਤੇ ਨਾ ਆਪਣੇ ਨਫ਼ਸ ਦੀ। ਸੋ ਤੁਸੀਂ ਹੁਸ਼ਿਆਰ ਰਹੋ! ਅਤੇ ਖ਼ੁਦਾ ਦੀ ਸਿਖਿਆ ਅਤੇ ਕੁਰਆਨ ਦੀ ਹਦਾਇਤ ਦੇ ਵਿਰੁਧ ਇਕ ਪੈਰ ਵੀ ਨਾ ਪੁੱਟੋ । ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਇਨਸਾਨ ਕੁਰਆਨ ਮਜੀਦ ਦੇ ਸੱਤ ਸੌ ਹੁਕਮਾਂ ਵਿੱਚੋਂ ਇਕ ਛੋਟੇ ਜਿਹੇ ਹੁਕਮ ਨੂੰ ਵੀ ਟਾਲਦਾ ਹੈ,ਉਹ ਨਜਾਤ (ਮੁਕਤੀ) ਦਾ ਬੂਹਾ ਆਪਣੇ ਹੱਥ ਨਾਲ ਆਪਣੇ ਤੇ ਬੰਦ ਕਰਦਾ ਹੈ ਅਸਲੀ ਤੇ ਕਾਮਲ ਨਜਾਤ ਦੀਆਂ ਰਾਹਾਂ ਕੁਰਆਨ ਮਜੀਦ ਨੇ ਖੋਲੀਆਂ ਅਤੇ ਬਾਕੀ ਸਭ ਉਸ ਦੇ ਜ਼ਿੱਲ (ਪ੍ਰਛਾਵੇਂ) ਸਨ । ਸੋ ਤੁਸੀ ਗੌਰ ਨਾਲ ਕੁਰਆਨ ਮਜੀਦ ਨੂੰ ਪੜ੍ਹੋ ਅਤੇ ਉਸ ਨਾਲ ਬਹੁਤ ਹੀ ਪਿਆਰ ਕਰੋ ਅਜਿਹਾ ਪਿਆਰ ਕਿ ਤੁਸੀਂਕਿਸੇਨਾਲ ਨਾ ਕੀਤਾਹੋਵੇ, ਕਿਉਂਕਿ ਜਿਹਾ ਕਿ ਰੱਬ ਨੇ ਮੈਨੂੰ ਮੁਖ਼ਾਤਿਬ ਕਰਕੇ ਫ਼ਰਮਾਇਆ ਕਿ :-

اَلْخَیْرُ کُلُّہٗ فِی الْقُرْاٰنِ

**ਅਲ ਖ਼ੈਰੋ ਕੁੱਲੋਹੂ ਫ਼ਿੱਲ ਕੁਰਆਨ**

ਕਿ ਹਰ ਪ੍ਰਕਾਰ ਦੀਆਂ ਭਲਾਈਆਂ ਕੁਰਆਨ ਮਜੀਦ ਵਿਚ ਹਨ।

ਇਹੀ ਗੱਲ ਸੱਚ ਹੈ। ਅਫ਼ਸੋਸ ਉਹਨਾਂ ਲੋਕਾਂ ਤੇ ਜਿਹੜੇ ਕਿਸੇ ਹੋਰ ਚੀਜ਼ ਨੂੰ ਉਸ ਤੇ ਮੁਕੱਦਮ ਰੱਖਦੇ ਹਨ। ਤੁਹਾਡੀ ਸਾਰੀ ਕਾਮਯਾਬੀ ਅਤੇ ਨਜਾਤ (ਮੁਕਤੀ) ਦਾ ਸੋਮਾਂ ਕੁਰਆਨ ਮਜੀਦ ਵਿੱਚ ਹੈ ਕੋਈ ਵੀ ਤੁਹਾਡੀ ਅਜਿਹੀ ਦੀਨੀ ਲੋੜ ਨਹੀ, ਜਿਹੜੀ ਕੁਰਆਨ ਮਜੀਦ ਵਿੱਚ ਨਹੀ ਪਾਈ ਜਾਂਦੀ। ਕਿਆਮਤ ਦੇ ਦਿਨ ਤੁਹਾਡੇ ਈਮਾਨ ਦੇ ਸੱਚੇ ਜਾਂ ਝੂਠੇ ਹੋਣ ਦੀ ਤਸਦੀਕ ਕਰਨ ਵਾਲਾ ਕੁਰਆਨ ਹੀ ਹੈ ਅਤੇ ਕੁਰਆਨ ਮਜੀਦ ਤੋਂ ਇਲਾਵਾ ਅਸਮਾਨ ਥੱਲੇ ਹੋਰ ਕੋਈ ਕਿਤਾਬ ਨਹੀ ਜੋ ਕੁਰਆਨ ਮਜੀਦ ਦੇ ਵਾਸਤੇ ਤੋਂ ਬਿਨਾਂ ਤੁਹਾਨੂੰ ਹਿਦਾਇਤ ਦੇ ਸਕੇ ਖ਼ੁਦਾ ਨੇ ਤਹਾਡੇ ਤੇ ਬਹੁਤ ਇਹਸਾਨ (ਕ੍ਰਿਪਾ) ਕੀਤਾ ਹੈ ਜੋ ਕੁਰਆਨ ਮਜੀਦ ਜਿਹੀ ਕਿਤਾਬ ਤੁਹਾਨੂੰ ਦਿੱਤੀ ਹੈ। ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਉਹ ਕਿਤਾਬ ਜਿਹੜੀ ਤੁਹਾਡੇ ਤੇ ਪੜ੍ਹੀ ਗਈ, ਜੇਕਰ ਈਸਾਈਆਂ ਤੇ ਪੜ੍ਹੀ ਜਾਂਦੀ ਤਾਂ ਉਹ ਹਲਾਕ ਨਾ ਹੁੰਦੇ ਅਤੇ ਇਹ ਨੇਅਮਤ ਤੇ ਹਿਦਾਇਤ ਜੋ ਤੁਹਾਨੂੰ ਦਿੱਤੀ ਗਈ ਜੇਕਰ ਤੌਰੈਤ ਦੀ ਥਾਂ ਯਹੁਦੀਆਂ ਨੂੰ ਦਿੱਤੀ ਜਾਂਦੀ ਤਾਂ ਕੁਝ ਫ਼ਿਰਕੇ ਉਹਨਾਂ ਦੇ ਕਿਆਮਤ ਤੋਂ ਇਨਕਾਰੀ ਨਾ ਹੁੰਦੇ, ਸੋ ਇਸ ਨੇਅਮਤ ਦੀ ਕਦਰ ਕਰੋ ਜੋ ਤੁਹਾਨੂੰ ਦਿੱਤੀ ਗਈ। ਇਹ ਅਤਿ ਪਿਆਰੀ ਨੇਅਮਤ ਹੈ। ਇਹ ਵੱਡੀ ਦੌਲਤ ਹੈ, ਜੇਕਰ ਕੁਰਆਨ ਨਾ ਆਉਂਦਾ ਤਾਂ ਸਾਰੀ ਦੁਨੀਆਂ ਇਕ ਗੰਦੇ ਲੋਥੜੇ ਵਾਂਗ ਸੀ। ਕੁਰਆਨ ਮਜੀਦ ਉਹ ਕਿਤਾਬ ਹੈ ਜਿਸ ਦੇ ਮੁਕਾਬਲੇ ਤੇ ਸਾਰੀਆਂ ਹਿਦਾਇਤਾਂ ਬੇਕਾਰ ਹਨ।

ਕੁਰਆਨ ਮਜੀਦ ਸੱਤ ਦਿਨਾਂ ਵਿੱਚ ਇਨਸਾਨ ਨੂੰ ਪਾਕ ਕਰ ਸਕਦਾ ਹੈ। ਕੁਰਆਨ ਤੁਹਾਨੂੰ ਨਬੀਆਂ ਵਾਂਗ ਕਰ ਸਕਦਾ ਹੈ, ਜੇਕਰ ਤੁਸੀਂ ਆਪ ਇਸ ਤੋਂ ਨਾ ਨੱਠੋ। ਕੁਰਆਨ ਤੋਂ ਇਲਾਵਾ ਕਿਸ ਕਿਤਾਬ ਨੇ ਸ਼ੁਰੂ ਵਿਚ ਹੀ ਆਪਣੇ ਪੜ੍ਹਨ ਵਾਲਿਆਂ ਨੂੰ ਇਹ ਦੁਆ ਸਿਖਾਈ ਅਤੇ ਇਹ ਆਸ ਦਿਵਾਈ।

اِهْدِنَا الصِّرَاطَ الْمُسْتَقِيْمَ صِرَاطَ الَّذِيْنَ
اَنْعَمْتَ عَلَيْهِمْ۔

**ਇੱਹਦਿਨੱਸ ਸਿਰਾਤਲ ਮੁਸਤਕੀਮਾਂ ਸਿਰਾਤੱਲ ਲਜ਼ੀਨਾ ਅਨ ਅਮਤਾ ਅਲੈਹਿਮ।**

ਅਰਥਾਤ, ਸਾਨੂੰ ਆਪਣੀਆਂ ਉਹਨਾਂ ਨੇਅਮਤਾਂ ਦੀ ਰਾਹ ਵਿਖਾ ਜਿਹੜੀ ਪਹਿਲਿਆਂ ਨੂੰ ਵਿਖਾਈ ਗਈ ਜਿਹੜੇ ਨਬੀ ਅਤੇ ਰਸੂਲ ਅਤੇ ਸਿੱਦੀਕ, ਸ਼ਹੀਦ ਅਤੇ ਸਾਲਿਹ ਸਨ। ਸੋ ਆਪਣੀਆਂ ਹਿੰਮਤਾਂ ਬੁਲੰਦ ਕਰ ਲਓ ਅਤੇ ਕੁਰਆਨ ਮਜੀਦ ਦੀ ਦਾਅਵਤ ਨੂੰ ਨਾਂ ਠੁਕਰਾਓ ਕਿ ਉਹ ਤੁਹਾਨੂੰ ਨਾ ਕੇਵਲ ਉਹ ਨੇਅਮਤਾਂ ਦੇਣੀਆਂ ਚਾਹੁੰਦਾ ਹੈ ਜਿਹੜੀਆਂ ਪਹਿਲਿਆਂ ਨੂੰ ਦਿੱਤੀਆਂ ਸਨ ਸਗੋਂ ਰੱਬ ਦਾ ਤੁਹਾਨੂੰ ਉਹਨਾਂ ਤੋਂ ਬਹੁਤਾ ਫ਼ੈਜ਼ ਪਹੁੰਚਾਉਣ ਦਾ ਇਰਾਦਾ ਹੈ। ਰੱਬ ਨੇ ਤੁਹਾਨੂੰ ਉਹਨਾਂ ਦੇ ਆਤਿਮਕ ਤੇ ਸ਼ਰੀਰਕ ਮਾਲੋ- ਮਤਾ (ਸਾਮਾਨ) ਦਾ ਵਾਰਿਸ ਬਨਾਇਆ, ਪਰ ਤੁਹਾਡਾ ਵਾਰਿਸ ਕੋਈ ਦੂਜਾ ਨਾ ਹੋਵੇਗਾ। ਜਦ ਤਕ ਕਿ ਕਿਆਮਤ ਆ ਜਾਵੇ। ਰੱਬ ਤੁਹਾਨੂੰ ਵੱਹੀ ਅਤੇ ਇਲਹਾਮ (ਰੱਬ ਵੱਲੋਂ ਬਾਣੀ ਉਤਰਨਾਂ) ਅਤੇ ਮੁਕਾਲਮਾਤ ਤੇ ਮੁਖ਼ਾਤਬਾਤੇ ਇਲਾਹੀਯਾ (ਰੱਬ ਨਾਲ ਗੱਲਾਂ ਕਰਨਾਂ) ਤੋਂ ਉਕੱ ਹੀ ਮਹਿਰੂਮ ਨਹੀਂ ਰਖੇਗਾ। ਉਹ ਤੁਹਾਡੇ ਤੇ ਉਹ ਸਾਰੀਆਂ ਨੇਅਮਤਾਂ ਪੂਰੀਆਂ ਕਰੇਗਾ ਜੋ ਪਹਿਲਿਆਂ ਨੂੰ ਦਿੱਤੀਆਂ ਗਈਆਂ, ਪਰ ਜਿਹੜਾ ਇਨਸਾਨ ਅਪਮਾਨ ਕਰਦਾ ਹੋਇਆ ਰੱਬ ਤੇ ਝੂਠ ਬੰਨ੍ਹੇਗਾ ਅਤੇ ਆਖੇਗਾ ਕਿ ਰੱਬ ਦੀ ਵਹੀ ਮੇਰੇ ਤੇ ਉਤਰੀ, ਹਾਲਾਂਕਿ ਨਹੀਂ ਉਤਰੀ ਅਤੇ ਜਾਂ ਕਹੇਗਾ ਕਿ ਰੱਬ ਨੇ ਮੇਰੇ ਨਾਲ ਗੱਲਾਂ ਕੀਤੀਆਂ ਹਨ ਹਾਲਾਂਕਿ ਨਹੀਂ ਕੀਤੀਆਂ ਤਾਂ ਮੈਂ ਖ਼ੁਦਾ ਅਤੇ ਉਸ ਦੇ ਫ਼ਰਿਸ਼ਤਿਆਂ ਨੂੰ ਗਵਾਹ ਰੱਖਕੇ ਕਹਿੰਦਾ ਹਾਂ ਕਿ ਉਹ ਹਲਾਕ ਕੀਤਾ ਜਾਵੇਗਾ ਕਿਉਂ ਜੋ ਉਸਨੇ ਆਪਣੇ ਖ਼ਾਲਿਕ (ਰੱਬ) ਤੇ ਝੂੱਠ ਬੰਨ੍ਹਿਆ ਅਤੇ (ਲੋਕਾਂ ਨੂੰ) ਧੋਖਾ ਦਿੱਤਾ।

## ਸੁੰਨਤ ਦਾ ਵਿਆਖਿਆਤਮਕ ਸਥਾਨ

**(੨) ਦੂਜਾ ਜ਼ਰੀਆ ਜਿਹੜਾ ਹਦਾਇਤ ਲਈ ਮੁਸਲਮਾਨਾਂ ਨੂੰ ਦਿੱਤਾ ਗਿਆ ਹੈ ਸੁੰਨਤ ਹੈ, ਅਰਥਾਤ ਹਜ਼ਰਤ ਮੁਹੰਮਦ ਸੱਲ ਲੱਲਾਹੁ ਅਲੈਹਿ**

ਵਸੱਲਮ ਦਾ ਅਸਲੀ ਨਮੂਨਾ ਜੋ ਆਪ ਜੀ ਨੇ ਕੁਰਆਨ ਮਜੀਦ ਦੇ ਹੁਕਮਾਂ ਅਨੁਸਾਰ ਕਰਕੇ ਵਿਖਇਆ। ਉਦਾਹਰਣ ਦੇ ਤੌਰ ਤੇ ਕੁਰਆਨ ਮਜੀਦ ਵਿੱਚੋਂ ਪੰਜ ਨਮਾਜ਼ਾ ਦੀਆਂ ਰਕਾਤਾਂ ਦਾ ਪਤਾ ਨਹੀਂ ਲਗਦਾ ਕਿ ਸਵੇਰੇ ਕਿੰਨਿਆਂ ਅਤੇ ਦੂਜਿਆਂ ਸਮਿਆਂ ਤੇ ਕਿੰਨੀਆਂ (ਰਕਾਤਾਂ ਪੜ੍ਹੀਆਂ ਜਾਣ?) ਪਰ ਸੁੰਨਤ ਨੇ ਸਭ ਕੁਝ ਖੋਲ ਦਿੱਤਾ ਹੈ ਇਹ ਧੋਖਾ ਨ ਲਗੇ ਕਿ ਸੁੰਨਤ ਅਤੇ ਹਦੀਸ ਇੱਕੋ ਚੀਜ਼ ਹੈ ਕਿਉਂਕਿ ਹਦੀਸ ਤਾਂ ਸੌ ਡੇਢ੍ਹ ਸੌ ਸਾਲ ਬਾਦ ਜਮਾ ਕੀਤੀ ਗਈ, ਪਰ ਸੁੰਨਤ ਦਾ ਵਜੂਦ ਕੁਰਆਨ ਮਜੀਦ ਦੇ ਨਾਲ ਹੀ ਸੀ। ਮੁਸਲਮਾਨਾਂ ਤੇ ਕੁਰਆਨ ਮਜੀਦ ਤੋਂ ਬਾਦ ਵੱਡਾ ਇਹਸਾਨ ਸੁੰਨਤ ਦਾ ਹੈ। ਖ਼ੁਦਾ ਅਤੇ ਰਸੂਲ ਦੀ ਜ਼ਿਮੇਵਾਰੀ ਦਾ ਫ਼ਰਜ਼ ਕੇਵਲ ਦੋ ਗੱਲਾਂ ਸਨ ਅਤੇ ਉਹ ਇਹ ਕਿ ਅੱਲਾਹ ਕੁਰਆਨ ਮਜੀਦ ਨੂੰ ਨਾਜ਼ਿਲ ਕਰਕੇ ਮਖ਼ਲੂਕ ਨੂੰ ਆਪਣੀ ਬਾਣੀ ਰਾਹੀਂ ਆਪਣੀ ਇੱਛਾਂ ਦਾ ਪਤਾ ਦੇਵੇ। ਇਹ ਤਾਂ ਰੱਬ ਦੇ ਕਾਨੂੰਨ ਦਾ ਫ਼ਰਜ਼ ਸੀ। ਅਤੇ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ ਵਸੱਲਮ ਦਾ ਇਹ ਫ਼ਰਜ਼ ਸੀ ਕਿ ਰੱਬ ਦੀ ਬਾਣੀ (ਕਲਾਮ) ਤੇ ਅਮਲ ਕਰਕੇ ਲੋਕਾਂ ਨੂੰ ਚੰਗੀ ਤਰਾਂ ਸਮਝਾ ਦੇਣ।

ਸੋ ਆਪ ਜੀ ਨੇ ਜ਼ਬਾਨੀ ਗੱਲਾਂ ਅਮਲ ਵਿੱਚ ਢਾਲ ਕੇ ਵਿਖਾ ਦਿੱਤੀਆਂ ਅਤੇ ਆਪਣੀ ਸੁਨੰਤ ਅਰਥਾਤ ਅਮਲੀ ਨਮੂਨੇ ਨਾਲ ਔਖੇ ਮਸਲਿਆਂ ਨੂੰ ਹੱਲ ਕਰ ਦਿੱਤਾ। ਇਹ ਗੱਲ ਠੀਕ ਨਹੀਂ ਕਿ ਇਹਨਾਂ ਮਸਲਿਆਂ ਨੂੰ ਹਦੀਸ ਨੇ ਹੱਲ ਕੀਤਾ ਸੀ। ਕਿਉਂਕਿ ਹਦੀਸ ਦੇ ਵਜੂਦ ਤੋਂ ਪਹਿਲਾਂ ਇਸਲਾਮ ਜ਼ਮੀਨ ਤੇ ਕਾਇਮ ਹੋ ਚੁਕਿਆ ਸੀ। ਕੀ ਜਦ ਤਕ ਹਦੀਸਾਂ ਇੱਕਤਰ ਨਹੀਂ ਹੋਈਆਂ ਸਨ ਲੋਕੀ ਨਮਾਜ਼ ਨਹੀਂ ਪੜ੍ਹਦੇ ਸਨ ਜਾਂ ਜ਼ਕਾਤ ਨਹੀਂ ਸਨ ਦਿੰਦੇ ਜਾਂ ਹੱਜ ਨਹੀਂ ਸਨ ਕਰਦੇ ਜਾਂ ਹਲਾਲ ਤੇ ਹਰਾਮ ਤੋਂ ਜਾਣੂੰ ਨਹੀਂ ਸਨ?

# ਹਦੀਸ ਦਾ ਤਾਈਦੀ ਸਥਾਨ

(੩) ਹਾਂ ਤੀਜਾ ਜ਼ਰੀਆ ਹਦਾਇਤ ਦਾ ਹਦੀਸ ਹੈ। ਕਿਉਂਕਿ ਬਹੁਤ ਸਾਰੇ ਇਸਲਾਮ ਦੀਆਂ ਤਾਰੀਖ਼ੀ, ਅਖ਼ਲਾਕੀ ਅਤੇ ਫ਼ਿਕਾਹ ਦੀਆਂ ਗੱਲਾਂ ਹਦੀਸਾਂ ਵਿਸਥਾਰ ਨਾਲ ਬਿਆਨ ਕਰਦੀਆਂ ਹਨ ਅਤੇ ਇਸ ਤੋਂ ਇਲਾਵਾ ਵੱਡਾ ਲਾਭ ਹਦੀਸਾਂ ਦਾ ਇਹ ਹੈ ਕਿ ਉਹ ਕੁਰਆਨ ਮਜੀਦ ਅਤੇ ਸੁੰਨਤ ਦੀ ਖ਼ਾਦਿਮ (ਸੇਵਾਦਾਰ) ਹੈ। ਜਿਨ੍ਹਾਂ ਲੋਕਾਂ ਨੂੰ ਕੁਰਆਨ ਮਜੀਦ ਦੀ ਜਾਣਕਾਰੀ ਨਹੀਂ ਦਿੱਤੀ ਗਈ ਉਹ ਇਸ ਮੌਕੇ ਤੇ ਹਦੀਸ ਨੂੰ ਕੁਰਆਨ ਮਜੀਦ ਦਾ ਕਾਜ਼ੀ ਕਹਿੰਦੇ ਹਨ, ਜਿਵੇਂ ਕਿ ਯਹੂਦੀਆਂ ਨੇ ਆਪਣੀਆਂ ਹਦੀਸਾਂ ਬਾਰੇ ਆਖਿਆ, ਪਰ ਅਸੀਂ ਹਦੀਸਾਂ ਨੂੰ ਕੁਰਆਨ ਮਜੀਦ ਅਤੇ ਸੁਨੰਤ ਦਾ ਸੇਵਾਦਾਰ ਕਰਾਰ ਦਿੰਦੇ ਹਾਂ ਅਤੇ ਇਹ ਗੱਲ ਸਪੱਸ਼ਟ ਹੈ ਕਿ ਆਕਾ ਦੀ ਸ਼ਾਨ ਸੇਵਾਦਾਰਾਂ ਦੇ ਹੋਣ ਨਾਲ ਵਧਦੀ ਹੈ। ਕੁਰਆਨ ਮਜੀਦ ਖ਼ੁਦਾ ਦਾ ਕਲਾਮ ਹੈ ਅਤੇ ਸੁੰਨਤ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ ਵਸੱਲਮ ਦਾ ਅਮਲ (ਕੰਮ) ਅਤੇ ਹਦੀਸ ਸੁੰਨਤ ਲਈ ਇਕ ਤਾਈਦੀ ਗਵਾਹ ਹੈ। ਇਹ ਕਿਹਣਾ ਗ਼ਲਤ ਹੈ ਕਿ ਹਦੀਸ ਕੁਰਆਨ ਮਜੀਦ ਤੇ ਕਾਜ਼ੀ ਹੈ ਜੇਕਰ ਕੁਰਆਨ ਮਜੀਦ ਤੇ ਕੋਈ ਕਾਜ਼ੀ ਹੈ ਤਾਂ ਉਹ ਆਪ ਕੁਰਆਨ ਮਜੀਦ ਹੈ। ਹਦੀਸ ਜੋ ਸ਼ੱਕ ਦੇ ਮਰਤਬੇ ਤੇ ਹੈ ਕੁਰਆਨ ਮਜੀਦ ਦੀ ਉਕਾ ਹੀ ਕਾਜ਼ੀ ਨਹੀਂ ਹੋ ਸਕਦੀ। ਸਬੂਤ ਕੇਵਲ ਤਾਈਦ ਦੇ ਰੰਗ ਵਿੱਚ ਹੈ ਹਦੀਸ ਕੁਰਆਨ ਤੇ ਕਾਜ਼ੀ ਕਿਵੇਂ ਹੋ ਸਕਦੀ ਹੈ ਕੁਰਆਨ ਤੇ ਸੁੰਨਤ ਨੇ ਅਸਲ ਕੰਮ ਸਾਰੇ ਕਰਕੇ ਵਿਖਾ ਦਿੱਤੇ ਅਤੇ ਹਦੀਸ ਕੇਵਲ ਤਾਈਦੀ ਗਵਾਹ ਹੈ ਹਦੀਸ ਕੁਰਆਨ ਤੇ ਕਿਸ ਤਰ੍ਹਾਂ ਕਾਜ਼ੀ ਹੋ ਸਕਦੀ ਹੈ ਕੁਰਆਨ ਅਤੇ ਸੁੰਨਤ ਉਸ ਜ਼ਮਾਨੇ ਵਿੱਚ ਹਿਦਾਇਤ ਦੇ ਰਹੇ ਸਨ ਜਦ ਕਿ ਇਸ ਬਨਾਉਟੀ ਕਾਜ਼ੀ ਦਾ ਨਾ ਨਿਸ਼ਾਨ ਤਕ ਨਹੀਂ ਸੀ। ਸੋ ਇਹ ਨਾ ਕਹੋ ਕਿ ਹਦੀਸ ਕੁਰਆਨ ਤੇ ਕਾਜ਼ੀ ਹੈ ਸਗੋਂ ਇਹ ਆਖੋ ਕਿ ਹਦੀਸ ਕੁਰਆਨ ਅਤੇ ਸੁੰਨਤ ਲਈ ਤਾਈਦੀ ਗਵਾਹ ਹੈ। ਹਾਂ ਸੁੰਨਤ ਇਕ ਅਜਿਹੀ ਚੀਜ਼ ਹੈ ਜੋ ਕੁਰਆਨ ਦੀ ਇੱਛਾ ਪ੍ਰਗਟ ਕਰਦੀ ਹੈ ਅਤੇ ਸੁੰਨਤ ਤੋਂ ਉਹ ਰਾਹ

ਮੁਰਾਦ ਹੈ ਜਿਸ ਤੇ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ ਵਸੱਲਮ ਨੇ ਅਮਲੀ ਤੌਰ ਤੇ ਸਹਾਬਾ ਨੂੰ ਪਾ ਦਿੱਤਾ ਸੀ।

ਸੁੰਨਤ ਉਹਨਾਂ ਗੱਲਾਂ ਦਾ ਨਾਂ ਨਹੀਂ ਹੈ ਜੋ ਸੌ ਡੇਢ੍ਹ ਸੌ ਸਾਲ ਬਾਦ ਪੁਸਤਕਾਂ ਵਿਚ ਲਿਖੀਆਂ ਗਈਆਂ ਸਗੋਂ ਉਹਨਾਂ ਗੱਲਾਂ ਦਾ ਨਾਂ ਹਦੀਸ ਹੈ ਅਤੇ ਸੁੰਨਤ ਉਸ ਅਮਲੀ ਨਮੂਨੇ ਦਾ ਨਾਂ ਹੈ ਜੋ ਨੇਕ ਮੁਸਲਮਾਨਾਂ ਦੀ ਅਮਲੀ ਹਾਲਤ ਵਿੱਚ ਮੁੱਢ ਤੋਂ ਟੁਰਿਆ ਆ ਰਿਹਾ ਹੈ ਜਿਸ ਤੇ ਹਜ਼ਾਰਾਂ ਮੁਸਲਮਾਨਾਂ ਨੂੰ ਲਾਇਆ ਗਿਆ। ਹਾਂ ਹਦੀਸ ਵੀ ਭਾਂਵੇਂ ਇਸ ਦਾ ਬਹੁਤਾ ਹਿੱਸਾ ਸ਼ੱਕ ਦੇ ਮਕਾਮ ਤੇ ਹੈ ਪਰ ਇਸ ਸ਼ਰਤ ਨਾਲ ਕਿ ਕੁਰਆਨ ਅਤੇ ਸੁੰਨਤ ਨਾਲ ਨਾ ਟਕਰਾਏ ਅਤੇ ਕੁਰਆਨ ਤੇ ਸੁੰਨਤ ਦੀ ਤਾਈਦ ਵਿਚ ਹੋਵੇ ਕਬੂਲ ਕਰਨ ਯੋਗ ਹੈ ਅਤੇ ਬਹੁਤ ਸਾਰੇ ਇਸਲਾਮੀ ਮਸਲਿਆਂ ਦਾ ਜ਼ਖੀਰਾ ਇਸ ਦੇ ਅੰਦਰ ਮੌਜੂਦ ਹੈ।

ਸੋ ਹਦੀਸ ਦੀ ਕਦਰ ਨਾ ਕਰਨਾ ਇਸ ਤਰਾਂ ਹੈ ਜਿਵੇਂ ਇਸਲਾਮ ਦੇ ਇਕ ਅੰਗ ਨੂੰ ਕੱਟ ਦੇਣਾ। ਹਾਂ ਜੇਕਰ ਇਕ ਅਜਿਹੀ ਹਦੀਸ ਹੋਵੇ ਜੋ ਕੁਰਆਨ ਅਤੇ ਸੁੰਨਤ ਦੇ ਵਿਰੁੱਧ ਹੋਵੇ ਅਤੇ ਅਜਿਹੀ ਹਦੀਸ ਦੇ ਵਿਰੁਧ ਹੋਵੇ ਜੋ ਕੁਰਆਨ ਦੇ ਅਨੁਸਾਰ ਹੈ ਜਾਂ ਮਿਸਾਲ ਦੇ ਤੌਰ ਤੇ ਇਕ ਅਜੇਹੀ ਹਦੀਸ ਹੋਵੇ ਜੋ ਸਹੀ ਬੁਖ਼ਾਰੀ ਦੇ ਵਿਰੁਧ ਹੈ ਤਾਂ ਉਹ ਹਦੀਸ ਕਬੂਲ ਕਰਨ ਯੋਗ ਨਹੀਂ ਹੋਵੇਗੀ ਕਿਉਂਕਿ ਉਸ ਨੂੰ ਮੰਨਣ ਨਾਲ ਕੁਰਆਨ ਮਜੀਦ ਨੂੰ ਅਤੇ ਉਹਨਾਂ ਸਾਰੀਆਂ ਹਦੀਸਾਂ ਨੂੰ ਜੋ ਕੁਰਆਨ ਦੇ ਮੁਤਾਬਕ ਹਨ ਰੱਦ ਕਰਨਾ ਪੈਂਦਾ ਹੈ ਅਤੇ ਮੈਂ ਜਾਣਦਾ ਹਾਂ ਕਿ ਕੋਈ ਨੇਕ ਇਨਸਾਨ ਇਸ ਗੱਲ ਦੀ ਦਲੇਰੀ ਨਹੀਂ ਕਰੇਗਾ ਕਿ ਅਜਿਹੀ ਹਦੀਸ ਨੂੰ ਮੰਨੇ ਜਿਹੜੀ ਕੁਰਆਨ ਅਤੇ ਸੁੰਨਤ ਦੇ ਵਿਰੁੱਧ ਅਤੇ ਅਜਿਹੀਆਂ ਹਦੀਸਾਂ ਦੇ ਵਿਰੁਧ ਹੈ ਜੋ ਕੁਰਆਨ ਨਾਲ ਮੇਲ ਖਾਂਦੀਆਂ ਹਨ ਕੁਝ ਵੀ ਹੋਵੇ ਹਦੀਸ ਦੀ ਕਦਰ ਕਰੋ ਅਤੇ ਇਹਨਾਂ ਤੋਂ ਲਾਭ ਉਠਾਓ ਕਿ ਉਹ ਸਾਡੇ ਪਿਆਰੇ ਰਸੂਲ ਵਲ ਮਨਸੂਬ ਹਨ ਅਤੇ ਜਦ ਤਕ ਕੁਰਆਨ ਅਤੇ ਸੁੰਨਤ ਉਹਨਾਂ ਨੂੰ ਨਾ ਝੁਠਲਾਉਣ ਤੁਸੀ ਵੀ ਉਹਨਾਂ ਨੂੰ ਨਾ ਝੁਠਲਾਓ। ਸਗੋਂ ਚਾਹੀਦਾ ਤਾਂ ਇਹ ਹੈ ਕਿ ਨਬੀ ਦੀਆਂ ਹਦੀਸਾਂ ਤੇ ਅਜਿਹਾ ਅਮਲ ਕਰੋ ਕਿ ਕੋਈ

ਕੰਮ ਨਾ ਕਰੋ ਜਾਂ ਕਿਸੇ ਕੰਮ ਤੋਂ ਨਾ ਰੁਕੋ. ਪਰ ਇਸ ਦੀ ਤਾਈਦ ਵਿਚ ਤੁਹਾਡੇ ਕੋਲ ਕੋਈ ਹਦੀਸ ਹੋਵੇ।

ਪਰ ਜੇਕਰ ਕੋਈ ਅਜਿਹੀ ਹਦੀਸ ਹੋਵੇ। ਜੋ ਕੁਰਆਨ ਮਜੀਦ ਵਿੱਚ ਬਿਆਨ ਕੀਤੀਆਂ ਗੱਲਾਂ ਦੇ ਉੱਕਾ ਹੀ ਵਿਰੁੱਧ ਹੋਵੇ ਤਾਂ ਉਸ ਦੀ ਕੁਰਆਨ ਨਾਲ ਤੱਤਬੀਕ (ਮਿਲਾਉਣ) ਦੀ ਚਿੰਤਾ ਕਰੋ ਹੋ ਸਕਦਾ ਹੈ ਕਿ ਹਦੀਸ ਦੀ ਕੁਰਆਨ ਨਾਲ ਇਹ ਟੱਕਰ ਤੁਹਾਡੀ ਹੀ ਗ਼ਲਤੀ ਦਾ ਸਿੱਟਾ ਹੋਵੇ ਅਤੇ ਜੇਕਰ ਕਿਸੇ ਤਰ੍ਹਾਂ ਉਹ ਟਕਰਾਓ ਦੂਰ ਨਾ ਹੋਵੇ ਤਾਂ ਅਜਿਹੀ ਹਦੀਸ ਨੂੰ ਛੱਡ ਦਿਓ ਕਿਉਂਕਿ ਐਸੀ ਹਦੀਸ ਰਸੂਲੁ ਲੱਲਾਹ ਸਲੱਲਾਹੋ ਅਲੈਹਿ ਵਸੱਲਮ ਵੱਲੋਂ ਨਹੀਂ ਹੈ।

(੨) ਅਤੇ ਜੇਕਰ ਕੋਈ ਹਦੀਸ ਜ਼ਈਫ਼ ਹੈ, ਪਰ ਕੁਰਆਨ ਮਜੀਦ ਨਾਲ ਮੇਲ ਖਾਂਦੀ ਹੈ ਤਾਂ ਉਸ ਹਦੀਸ ਨੂੰ ਪ੍ਰਵਾਨ (ਕਬੂਲ) ਕਰ ਲਓ ਕਿਉਂ ਜੋ ਕੁਰਆਨ ਉਸ ਦੀ ਤਸਦੀਕ ਕਰਦਾ ਹੈ।

(੩) ਅਤੇ ਜੇਕਰ ਕੋਈ ਅਜਿਹੀ ਹਦੀਸ ਹੈ ਜੋ ਕਿਸੇ ਭਵਿਖਬਾਣੀ ਤੇ ਆਧਾਰਿਤ ਹੋਵੇ, ਪਰ ਮੁੱਹਦਿਸੀਨ (ਹਦੀਸਾਂ ਬਾਰੇ ਖੋਜ ਕਰਨ ਵਾਲੇ) ਦੇ ਨੇੜੇ ਉਹ ਜ਼ਈਫ਼ (ਕਮਜ਼ੋਰ) ਹੈ ਅਤੇ ਤੁਹਾਡੇ ਸਮੇਂ ਵਿੱਚ ਜਾਂ ਪਹਿਲਾਂ ਇਸ ਤੋਂ ਇਸ ਹਦੀਸ ਦੀ ਭਵਿਖਵਾਣੀ ਸੱਚੀ ਨਿਕਲੀ (ਅਰਥਾਤ ਪੂਰੀ ਹੋ ਗਈ) ਤਾਂ ਇਸ ਹਦੀਸ ਨੂੰ ਸੱਚਾ ਸਮਝੋ ਅਤੇ ਅਜੇਹੇ ਮੁਹੱਦਿਸਾਂ ਅਤੇ ਰਾਵੀਆਂ (ਹਦੀਸਾਂ ਬਾਰੇ ਰਵਾਇਤਾਂ ਬਿਆਨ ਕਰਨ ਵਾਲੇ) ਨੂੰ ਗ਼ਲਤ ਅਤੇ ਝੂਠਾ ਖ਼ਿਆਲ ਕਰੋ ਜਿਨ੍ਹਾਂ ਨੇ ਇਸ ਹਦੀਸ ਨੂੰ ਜ਼ਈਫ਼ ਅਤੇ ਮੌਜ਼ੂਅ (ਬਨਾਉਟੀ) ਆਖਿਆ ਹੋਵੇ। ਅਜਿਹੀਆਂ ਹਦੀਸਾਂ ਕਈ ਸੌ ਹਨ ਜਿਨਾਂ ਵਿੱਚ ਭਵਿਖਬਾਣੀਆਂ ਹਨ ਅਤੇ ਬੁਹਤੀਆਂ ਇਹਨਾਂ ਵਿੱਚੋਂ ਮੁਹੱਦਿਸੀਨ ਅਨੁਸਾਰ ਮਜਰੂਹ ਜਾਂ ਮੌਜ਼ੂਅ (ਬਨਾਉਟੀ) ਜਾਂ ਜ਼ਈਫ਼ ਹਨ। ਸੋ ਜੇਕਰ ਇਹਨਾਂ ਵਿਚੋਂ ਕੋਈ ਹਦੀਸ ਪੂਰੀ ਹੋ ਜਾਵੇ (ਅਰਖਾਤ ਉਸ ਵਿੱਚ ਬਿਆਨ ਕੀਤੀ ਭਵਿਖ ਬਾਣੀ ਪੂਰੀ ਹੋ ਜਾਵੇ ) ਅਤੇ ਤੁਸੀਂ ਇਹ ਆਖ ਕੇ ਟਾਲ ਦਿਓ ਕਿ ਅਸੀਂ ਇਸ ਨੂੰ

ਨਹੀ ਮੰਨਦੇ ਕਿਉਕਿ ਇਹ ਹਦੀਸ ਜ਼ਈਫ਼ ਹੈ ਜਾਂ ਇਸ ਦਾ ਰਿਵਾਇਤ ਕਰਨ ਵਾਲਾ ਰਾਵੀ ਮੁਤਾਦੱਯੱਨ (ਦੀਨਦਾਰ) ਨਹੀਂ ਹੈ ਤਾਂ ਅਜਿਹੀ ਸੂਰਤ ਵਿੱਚ ਤੁਹਾਡੀ ਆਪਣੀ ਬੇ-ਇਮਾਨੀ ਹੋਵੇਗੀ ਕਿ ਤੁਸੀ ਅਜਿਹੀ ਹਦੀਸ ਨੂੰ ਰਦ ਕਰੋ ਜਿਸ ਦਾ ਸੱਚਾ ਹੋਣਾ ਖ਼ੁਦਾ ਨੇ ਜ਼ਾਹਿਰ ਕਰ ਦਿੱਤਾ। ਸੋਚੋ ਜੇਕਰ ਅਜੇਹੀਆਂ ਹਦੀਸਾਂ ਹਜ਼ਾਰ ਹੋਣ ਅਤੇ ਮੁਹੱਦਿਸੀਨ ਦੇ ਵਿਚਾਰ ਅਨੁਸਾਰ ਜ਼ਈਫ਼ ਹੋਣ ਅਤੇ ਹਜ਼ਾਰ ਭਵਿਖਬਾਣੀ ਇਸ ਦੀ ਸੱਚੀ ਨਿਕਲੇ ਤਾਂ ਕੀ ਤੁਸੀਂ ਇਹਨਾਂ ਹਦੀਸਾਂ ਨੂੰ ਜ਼ਈਫ਼ ਕਹਿਕੇ ਇਸਲਾਮ ਦੇ ਹਜ਼ਾਰ ਨਿਸ਼ਾਨਾਂ ਨੂੰ ਨਸ਼ਟ ਕਰ ਦਿਓਗੇ? ਸੋ ਇਸ ਸੂਰਤ ਵਿੱਚ ਤੁਸੀਂ ਇਸਲਾਮ ਦੇ ਦੁਸ਼ਮਨ ਠਹਿਰੋਗੇ ਅਤੇ ਅਲੱਾਹ ਦਾ ਫ਼ਰਮਾਨ ਹੈ।

فَلَا يُظْهِرُ عَلٰى غَيْبِهٖٓ اَحَدًا اِلَّا مَنِ ارْتَضٰى مِنْ رَّسُوْلٍ-

**ਫ਼ਲਾ ਯੁਜ਼ਹਿਰੋ ਅਲਾ ਗ਼ੈਬੇਹੀ ਅ-ਹ-ਦਨ ਇੱਲਾ ਮਨਿੱਰਤਜ਼ਾ ਮਿੰਙ-ਰਸੂਲਿ।**

ਸੋ ਸੱਚੀ ਭਵਿਖਬਾਣੀ ਬਿਨਾਂ ਸੱਚੇ ਰਸੂਲ ਦੇ ਕਿਸ ਵਲ ਮਨਸੂਬ ਹੋ ਸਕਦੀ ਹੈ? ਕੀ ਅਜਿਹੇ ਮੌਕੇ ਤੇ ਇਹ ਆਖਣਾ ਉਚਿਤ ਅਤੇ ਈਮਾਨਦਾਰੀ ਨਹੀਂ ਹੈ ਕਿ ਸਹੀ ਹਦੀਸ ਨੂੰ ਜ਼ਈਫ਼ ਕਹਿਣ ਵਿਚ ਕਿਸੇ ਮੁੱਹਦਿਸ ਨੇ ਗ਼ਲਤੀ ਕੀਤੀ ਹੈ ? ਅਤੇ ਜਾਂ ਇਹ ਕਹਿਣਾ ਉਚਿਤ ਹੈ ਕਿ ਝੂਠੀ ਹਦੀਸ ਨੂੰ ਸੱਚੀ ਕਰਕੇ ਰੱਬ ਨੇ ਗ਼ਲਤੀ ਖਾਦੀ ?

(੪) ਜੇਕਰ ਹਦੀਸ ਜ਼ਈਫ਼ ਦਰਜੇ ਦੀ ਵੀ ਹੋਵੇ, ਪਰ ਸ਼ਰਤ ਇਹ ਹੈ ਕਿ ਉਹ ਕੁਰਆਨ ਅਤੇ ਸੁੰਨਤ ਅਤੇ ਅਜਿਹੀਆਂ ਹਦੀਸਾਂ ਦੇ ਵਿਰੁੱਧ ਨਹੀਂ ਜੋ ਕੁਰਆਨ ਮਜੀਦ ਨਾਲ ਮੇਲ ਖਾਂਦੀਆਂ ਹਨ ਤਾਂ ਹਦੀਸ ਤੇ ਅਮਲ ਕਰੋ।

ਪਰ ਬੜੀ ਇਹਤਿਆਤ ਨਾਲ ਹਦੀਸਾਂ ਤੇ ਅਮਲ ਕਰਨਾਂ ਚਾਹੀਦਾ ਹੈ ਕਿਉਕਿ ਬਹੁਤ ਸਾਰੀਆਂ ਹਦੀਸਾਂ ਬਨਾਉਟੀ ਵੀ ਹਨ ਜਿਨਾਂ ਨੇ ਇਸਲਾਮ ਵਿੱਚ ਫ਼ਿਤਨਾ ਪੈਦਾ ਕੀਤਾ ਹੈ ਹਰ ਫ਼ਿਰਕਾ ਅਪਨੇ ਅਕੀਦੇ

ਅਨੁਸਾਰ ਹਦੀਸ ਰੱਖਦਾ ਹੈ ਏਥੋਂ ਤਕ ਕਿ ਨਮਾਜ਼ ਜਿਹੇ ਯਕੀਨੀ ਅਤੇ ਮੁਸੱਲਸੱਲ ਅਦਾ ਕੀਤੇ ਜਾਣ ਵਾਲੇ ਫ਼ਰੀਜ਼ੇ ਨੂੰ ਹਦੀਸਾਂ ਦੇ ਇਖ਼ਤਲਾਫ਼ ਨੇ ਵੱਖ-ਵੱਖ ਸ਼ਕਲਾਂ ਵਿੱਚ ਕਰ ਦਿੱਤਾ ਹੈ । ਕੋਈ ਆਮੀਨ ਉਚੀ ਆਵਾਜ਼ ਨਾਲ ਕਹਿੰਦਾ ਹੈ । ਕੋਈ ਮੂੰਹ ਵਿੱਚ ਹੀ ਕਹਿੰਦਾ ਹੈ ਕੋਈ ਈਮਾਮ ਦੇ ਪਿੱਛੇ ਸੂਰਤ ਫ਼ਾਤਿਹਾ ਪੜ੍ਹਦਾ ਹੈ ਕੋਈ ਇਸ ਪ੍ਰਕਾਰ ਪੜਨ ਨੂੰ ਨਮਾਜ਼ ਨੂੰ ਖ਼ਰਾਬ ਕਰਨਾਂ ਸਮਝਦਾ ਹੈ । ਕੋਈ ਛਾਤੀ ਤੇ ਹੱਥ ਬੰਨਦਾ ਹੈ ਕੋਈ ਧੁੰਨੀ ਤੇ ਇਸ ਮਤਭੇਦ ਦਾ ਅਸਲ ਕਾਰਨ ਹਦੀਸਾਂ ਹੀ ਹਨ ।

كُلُّ حِزْبٍ بِمَا لَدَيْهِمْ فَرِحُونَ

**ਕੁੱਲੋ ਹਿੱਜ਼ਬਿੰਮ ਬਿਮਾ ਲਦੈਹਿੰਮ ਫਰੇਹੂਨ**

ਨਹੀ ਤਾਂ ਸੁੰਨਤ ਨੇ ਤਾ ਇਕ ਤਰੀਕਾ ਦਸਿਆ ਸੀ । ਫ਼ਿਰ ਰਵਾਇਤਾਂ ਦੇ ਦਾਖ਼ਿਲ ਹੋਣ ਨਾਲ ਇਸ ਤਰੀਕੇ ਨੂੰ ਬਦਲ ਦਿੱਤਾ ।

# ਪਾਪਾਂ ਤੋਂ ਮੁਕੱਤ ਹੋਣ ਦਾ ਢੰਗ ਕੇਵਲ ਪੂਰਨ ਵਿਸ਼ਵਾਸ ਹੈ।

ਹੈ ਖ਼ੁਦਾ ਦੇ ਤਾਲਬ ਬੰਦਿਓ! ਬੰਦਿ ਕੰਨ ਖੋਲੋ ਅਤੇ ਸੁਣੋ! ਕਿ ਵਿਸ਼ਵਾਸ ਜਿਹੀ ਕੋਈ ਚੀਜ਼ ਨਹੀ, ਵਿਸ਼ਵਾਸ ਹੀ ਹੈ ਜੋ ਪਾਂਪਾਂ ਤੋਂ ਛੁਡਾਉਦਾ ਹੈ। ਵਿਸ਼ਵਾਸ ਹੀ ਨੇਕੀ ਕਰਨ ਦੀ ਸ਼ਕਤੀ ਦਿੰਦਾ ਹੈ। ਵਿਸ਼ਵਾਸ ਹੀ ਹੈ ਜੋ ਰੱਬ ਦਾ ਸੱਚਾ ਆਸ਼ਿਕ ਬਣਾਂਉਂਦਾ ਹੈ ਕੀ ਤੁਸੀਂ ਬਿਨਾਂ ਵਿਸ਼ਵਾਸ ਦੇ ਪਾਪਾਂ ਨੂੰ ਛੱਡ ਸਕਦੇ ਹੋ? ਕਿ ਤੁਸੀ ਮਨੋਕਾਮਨਾਵਾਂ ਤੋਂ, ਬਿਨਾ ਵਿਸ਼ਵਾਸ ਜਨਕ ਰੋਸ਼ਨੀ (ਅਰਥਾਤ ਅਕਾਸ਼ੀ ਰੋਸ਼ਨੀ) ਦੇ ਰੁਕ ਸਕਦੇ ਹੋ? ਕੀ ਤੁਸੀ ਬਿਨਾਂ ਵਿਸ਼ਵਾਸ ਦੇ ਕੋਈ ਤਸੱਲੀ ਪਾ ਸਕਦੇ ਹੋ? ਕੀ ਤੁਸੀ ਬਿਨਾਂ ਵਿਸ਼ਵਾਸ ਦੇ ਕੋਈ ਸੱਚੀ ਤਬਦੀਲੀ ਪੈਦਾ ਕਰ ਸਕਦੇ ਹੋ? ਕਿ ਤੁਸੀ ਬਗ਼ੈਰ ਯਕੀਨ ਦੇ ਸੱਚੀ ਖ਼ੁਸ਼ਹਾਲੀ ਪ੍ਰਾਪਤ ਕਰ ਸਕਦੇ ਹੋ? ਕੀ ਅਕਾਸ਼ ਥੱਲੇ ਅਜਿਹਾ ਕੋਈ ਕੱਫ਼ਾਰਾ (ਪਾਪ ਦਾ ਬਦਲਾ)

ਅਤੇ ਅਜਿਹਾ ਫ਼ਿਦਿਆ (ਪਾਪ ਦਾ ਬਦਲਾ) ਹੈ ਜੋ ਤੁਹਾਥੋਂ ਪਾਪ ਛੁਡਾ ਸਕੇ? ਕੀ ਮਰਯਮ ਦਾ ਪੁੱਤਰ ਈਸਾ ਅਜਿਹਾ ਹੈ ਕਿ ਜਿਸ ਦਾ ਬਨਾਵਟੀ ਖ਼ੂਨ ਪਾਪ ਤੋਂ ਛੁਡਾ ਸਕੇ? ਹੇ ਈਸਾਈਓ! ਅਜਿਹਾ ਝੂਠ ਨਾ ਬੋਲੋ ਜਿਸ ਤੋਂ ਧਰਤੀ ਟੋਟੇ-ਟੋਟੇ ਹੋ ਜਾਏ ਯਸੂ ਤਾਂ ਆਪ ਅਪਣੀ ਮੁਕਤੀ ਲਈ ਵਿਸ਼ਵਾਸ਼ ਦਾ ਮੁਹਤਾਜ ਸੀ ਅਤੇ ਉਸ ਨੇ ਵਿਸ਼ਵਾਸ਼ ਕੀਤਾ ਅਤੇ ਮੁਕਤੀ ਪ੍ਰਾਪਤ ਕੀਤੀ। ਅਫ਼ਸੋਸ ਹੈ ਉਹਨਾਂ ਈਸਾਈਆਂ ਤੇ ਜੋ ਇਹ ਕਹਿ ਕਿ ਮਖ਼ਲੂਕ ਨੂੰ ਧੋਖਾ ਦੇਂਦੇ ਹਨ ਕਿ ਅਸੀ ਮਸੀਹ ਦੇ ਖ਼ੂਨ ਦੁਆਰਾ ਮੁਕਤੀ ਪ੍ਰਾਪਤ ਕੀਤੀ ਹੈ ਜਦ ਕਿ ਉਹ ਸਿਰ ਤੋਂ ਪੈਰਾਂ ਤੀਕ ਪਾਪਾਂ ਵਿੱਚ ਡੁੱਬੇ ਹੋਏ ਹਨ। ਉਹ ਨਹੀ ਜਾਣਦੇ ਕਿ ਉਹਨਾਂ ਦਾ ਖ਼ੁਦਾ ਕੌਣ ਹੈ ਸਗੋਂ ਉਹਨਾਂ ਦਾ ਜੀਵਨ ਤਾਂ ਗ਼ਫ਼ਲਤ ਨਾਲ ਭਰਿਆ ਪਿਆ ਹੈ ਸ਼ਰਾਬ ਦੀ ਮਸਤੀ ਉਹਨਾਂ ਦੇ ਦਿਮਾਗ਼ ਵਿੱਚ ਹੈ, ਪਰ ਉਹ ਪਾਕ ਮਸਤੀ, ਜਿਹੜੀ ਅਕਾਸ਼ ਤੋਂ ਉਤਰਦੀ ਹੈ, ਉਸ ਤੋਂ ਉਹ ਬੇਖ਼ਬਰ ਹਨ ਅਤੇ ਜੋ ਜ਼ਿੰਦਗੀ ਖ਼ੁਦਾ ਨਾਲ ਹੈ ਅਤੇ ਪਾਕ ਜ਼ਿੰਦਗੀ ਦੇ ਜੋ ਸਿੱਟੇ ਹੁੰਦੇ ਹਨ ਉਹ ਉਸ ਤੋਂ ਬੇਨਸੀਬ ਹਨ। ਸੋ ਚੇਤੇ ਰੱਖੋ ਕਿ ਬਿਨਾਂ ਵਿਸ਼ਵਾਸ ਦੇ ਤੁਸੀ ਹਨੇਰੇ ਜੀਵਨ ਤੋਂ ਬਾਹਰ ਨਹੀਂ ਆ ਸਕਦੇ ਅਤੇ ਨਾਂ ਤੁਹਾਨੂੰ ਰੂਹੁਲ ਕੁਦੁਸ ਮਿਲ ਸਕਦਾ ਹੈ। ਮੁਬਾਰਕ ਹਨ ਉਹ ਜਿਹੜੇ ਵਿਸ਼ਵਾਸ ਰੱਖਦੇ ਹਨ। ਕਿਉਂਕਿ ਉਹੀ ਖ਼ੁਦਾ ਨੂੰ ਵੇਖਣਗੇ। ਮੁਬਾਰਕ ਉਹ ਜੋ ਵੈਹਮਾਂ - ਭਰਮਾਂ ਤੋਂ ਮੁਕਤੀ ਪਾ ਗਏ ਹਨ ਕਿਉਂਕਿ ਉਹੀ ਪਾਪ ਤੋਂ ਨਜਾਤ ਪਾਉਣਗੇ। ਮੁਬਾਰਕ ਤੁਸੀ ਜਦ ਕਿ ਤੁਹਾਨੂੰ ਵਿਸ਼ਵਾਸ ਦੀ ਦੌਲਤ ਦਿੱਤੀ ਜਾਵੇ ਕਿ ਉਸ ਮਗਰੋਂ ਹੀ ਤੁਹਾਡੇ ਪਾਪਾਂ ਦਾ ਅੰਤ ਹੋਵੇਗਾ। ਪਾਪ ਤੇ ਵਿਸ਼ਵਾਸ਼ ਕਦੇ ਇੱਕਠੇ ਨਹੀ ਹੋ ਸਕਦੇ ਕੀ ਤੁਸੀਂ ਅਜਿਹੇ ਸੁਰਾਖ (ਰੁੱਡ) ਵਿੱਚ ਹੱਥ ਪਾ ਸਕਦੇ ਹੋ ਜਿਸ ਵਿੱਚ ਤੁਸੀ ਇਕ ਵਿਸ਼ ਭਰੇ ਸੱਪ ਨੂੰ ਵੇਖ ਰਹੇ ਹੋ? ਕੀ ਤੁਸੀ ਅਜਿਹੀ ਥਾਂ ਖੜੇ ਰਹਿ ਸਕਦੇ ਹੋ ਜਿਸ ਥਾਂ ਜਵਾਲਾ ਮੁਖੀ ਪਹਾੜ ਤੋਂ ਪੱਥਰ ਡਿਗਦੇ ਹੋਣ, ਜਾਂ ਬਿਜਲੀ ਪੈਂਦੀ ਹੈ? ਜਾਂ ਇਕ ਖ਼ੂੰਖਵਾਰ ਸ਼ੇਰ ਦੇ ਹਮਲਾ ਕਰਨ ਦੀ ਥਾਂ ਹੈ? ਜਾਂ ਇਕ ਅਜਿਹੀ ਥਾਂ ਹੈ ਜਿਥੇ ਮਹਾਂਮਾਰੀ, ਪਲੇਗ (ਤਾਊਨ) ਮਨੁੱਖੀ ਨਸਲ ਨੂੰ ਨੱਸ਼ਟ ਕਰ

ਰਹੀ ਹੈ? ਫ਼ਿਰ ਜੇਕਰ ਤੁਹਾਨੂੰ ਖ਼ੁਦਾ ਤੇ ਅਜਿਹਾ ਹੀ ਵਿਸ਼ਵਾਸ ਹੈ ਜਿਹਾ ਕਿ ਸੱਪ, ਬਿਜਲੀ, ਸ਼ੇਰ ਜਾਂ ਪਲੇਗ ਤੇ ਤਾਂ ਸੰਭਵ ਨਹੀਂ ਕਿ ਉਸ ਦੇ ਟਾਕਰੇ ਤੇ ਤੁਸੀ ਨਾ ਫ਼ਰਮਾਨੀ ਕਰਕੇ ਸਜ਼ਾ ਦੀ ਰਾਹ ਅਪਨਾਓ ਜਾਂ ਸੱਚਾਈ ਤੇ ਵਫ਼ਾਦਾਰੀ ਦਾ ਉਸ ਨਾਲੋਂ ਸੰਬਧ ਤੋੜ ਸਕੋ ?

ਹੇ ਓਹ ਲੋਕੋ !! ਜਿਹੜੇ ਨੇਕੀ ਤੇ ਸੱਚਾਈ ਲਈ ਸੱਦੇ ਗਏ ਹੋ ਤੁਸੀ ਯਕੀਨ ਜਾਣੋ ਕਿ ਖ਼ੁਦਾ ਦੀ ਖ਼ਿੱਚ ਉਸ ਸਮੇ ਤੁਹਾਡੇ ਵਿੱਚ ਪੈਦਾ ਹੋਏਗੀ ਅਤੇ ਉਸ ਸਮੇਂ ਤੁਸੀ ਪਾਪ ਦੇ ਭੈੜੇ ਦਾਗ਼ ਤੋਂ ਪਾਕ ਕੀਤੇ ਜਾਓਗੇ ਜਦ ਤੁਹਾਡੇ ਦਿਲ ਵਿਸ਼ਵਾਸ ਨਾਲ ਭਰ ਜਾਣਗੇ। ਸੰਭਵ ਹੈ ਕਿ ਤੁਸੀ ਕਹੋ ਕਿ ਸਾਨੂੰ ਵਿਸ਼ਵਾਸ ਪ੍ਰਾਪਤ ਹੈ। ਸੋ ਚੇਤੇ ਰਹੇ ਕਿ ਇਹ ਤੁਹਾਨੂੰ ਧੋਖਾ ਲੱਗਾ ਹੋਇਆ ਹੈ, ਵਿਸ਼ਵਾਸ ਤੁਹਾਨੂੰ ਉੱਕਾ ਹੀ ਹਾਸਲ ਨਹੀ ਹੈ। ਕਿਉਕਿ ਇਸ ਲਈ ਜੋ ਜ਼ਰੂਰੀ ਗੱਲਾਂ ਹਨ ਉਹ ਪ੍ਰਾਪਤ ਨਹੀਂ। ਕਾਰਨ ਇਹ ਹੈ ਕਿ ਤੁਸੀ ਪਾਪਾਂ ਤੋਂ ਬਾਜ਼ ਨਹੀ ਆਉਂਦੇ ਤੁਸੀ ਅਜਿਹਾ ਕਦਮ ਨਹੀ ਚੁਕਦੇ ਜੋ ਚੁਕਨਾ ਚਾਹਿਦਾ ਹੈ। ਤੁਸੀਂ ਅਜਿਹੇ ਰੂਪ ਵਿੱਚ ਨਹੀ ਡਰਦੇ ਜਿਵੇਂ ਡਰਨਾ ਚਾਹਿਦਾ ਹੈ। ਆਪ ਸੋਚ ਲਓ ਕਿ ਜਿਸ ਨੂੰ ਵਿਸ਼ਵਾਸ ਹੈ ਕਿ ਫ਼ਲਾਣੀ ਰੁੱਡ ਵਿੱਚ ਸੱਪ ਹੈ, ਉਹ ਉਸ ਵਿੱਚ ਹੱਥ ਪਾਉਂਦਾ ਹੈ? ਅਤੇ ਜਿਸ ਨੂੰ ਵਿਸ਼ਵਾਸ ਹੈ ਕਿ ਉਸਦੇ ਖਾਣੇ ਵਿੱਚ ਜ਼ਹਿਰ ਹੈ ਉਹ ਉਸ ਖਾਣੇ ਨੂੰ ਕਦ ਖਾਂਦਾ ਹੈ? ਤੇ ਜੋ ਵਿਸ਼ਵਾਸ਼ ਨਾਲ ਵੇਖ ਰਿਹਾ ਹੈ ਕਿ ਫ਼ਲਾਨੇ ਜੰਗਲ ਵਿੱਚ ਇਕ ਹਜ਼ਾਰ ਖ਼ੂੰਖਾਰ ਸ਼ੇਰ ਹੈ ਉਹਦਾ ਕਦਮ ਕਿਵੇਂ ਅਨਗਹਿਲੀ ਤੇ ਗ਼ਲਤੀ ਨਾਲ ਉਸ ਜੰਗਲ ਵੱਲ ਉਠ ਸਕਦਾ ਹੈ? ਸੋ ਤੁਹਾਡੇ ਹੱਥ, ਤੁਹਾਡੇ ਪੈਰ, ਤੁਹਾਡੇ ਕੰਨ ਅਤੇ ਤੁਹਾਡੀਆਂ ਅੱਖਾਂ ਕਿਵੇਂ ਪਾਪ ਤੇ ਦਲੇਰੀ ਕਰ ਸਕਦੀਆਂ ਹਨ। ਜੇਕਰ ਤੁਹਾਡਾ ਖ਼ੁਦਾ ਅਤੇ ਜਜ਼ਾ ਸਜ਼ਾ (ਕਰਮਾਂ ਦੇ ਫ਼ਲ)ਦੇ ਦਿਨ ਤੇ ਵਿਸ੍ਵਾਸ ਹੈ? ਪਾਪ ਵਿਸ਼ਵਾਸ ਤੇ ਪ੍ਰਬਲ ਨਹੀ ਹੋ ਸਕਦਾ, ਅਤੇ ਜਦ ਤੁਸੀ ਇਕ ਭਸਮ ਕਰ ਦੇਣ ਵਾਲੀ ਅੱਗ ਨੂੰ ਦੇਖ ਰਹੇ ਹੋ ਤਾਂ ਕਿਵੇ ਤੁਸੀ ਆਪਣੇ ਆਪ ਨੂੰ ਉਸ ਅੱਗ ਵਿਚ ਸੁੱਟ ਸਕਦੇ ਹੋ? ਤੇ ਵਿਸ਼ਵਾਸ ਦੀਆਂ ਕੰਧਾਂ ਅਕਾਸ਼ ਤਕ ਹਨ, ਸ਼ੈਤਾਨ ਉਹਨਾਂ ਤੇ ਚੜ੍ਹ ਨਹੀ ਸਕਦਾ।

ਹਰ ਇਕ ਜੋ ਪਾਕ ਹੋਇਆ, ਉਹ ਵਿਸ਼ਵਾਸ ਨਾਲ ਪਾਕ ਹੋਇਆ, ਵਿਸਵਾਸ਼ ਦੁੱਖ ਉਠਾਉਣ ਦੀ ਸ਼ਕਤੀ ਦਿੰਦਾ ਹੈ। ਇੱਥੋਂ ਤਕ ਕਿ ਇਕ ਬਾਦਸ਼ਾਹ ਨੂੰ ਤਖ਼ਤ ਤੋਂ ਉਤਾਰਦਾ ਹੈ ਅਤੇ ਫ਼ਕੀਰੀ ਜਾਮਾਂ ਪਵਾਉਂਦਾ ਹੈ ਵਿਸ਼ਵਾਸ ਹਰ ਇਕ ਦੁਖ ਨੂੰ ਸੌਖਾ ਕਰ ਦਿੰਦਾ ਹੈ । ਵਿਸ਼ਵਾਸ ਰੱਬ ਨੂੰ ਦਿਖਾਉਂਦਾ ਹੈ । ਹਰ ਇਕ ਕਫ਼ਾਰਾ (ਪਾਪ ਦਾ ਵਟਾਂਦਰਾ) ਝੂਠਾ ਹੈ ਹਰ ਇਕ ਬਦਲਾ ਕੂੜ ਹੈ ਅਤੇ ਹਰ ਇਕ ਪਵਿਤਰਤਾ ਵਿਸ਼ਵਾਸ਼ ਦੀ ਰਾਹ ਤੋਂ ਆਉਦੀ ਹੈ ਅਤੇ ਖ਼ੁਦਾ ਤਕ ਪਚਾਉਦੀ ਹੈ ਅਤੇ ਸਚੱਾਈ ਤੇ ਨੇਕ ਇਰਾਦੇ ਵਿੱਚ ਫ਼ਰਿਸ਼ਤਿਆਂ ਤੋ ਵੀ ਅਗੇ ਵਧਾ ਦਿੰਦੀ ਹੈ, ਉਹ ਵਿਸ਼ਵਾਸ਼ ਹੈ। ਹਰ ਇਕ ਧਰਮ ਜੋ ਵਿਸ਼ਵਾਸ਼ ਦਾ ਸਾਧਨ ਪ੍ਰਦਾਨ ਨਹੀ ਕਰਦਾ, ਉਹ ਝੂਠਾ ਹੈ ਹਰ ਇਕ ਧਰਮ ਜੋ ਵਿਸ਼ਵਾਸ਼ ਰਾਹੀ ਖ਼ੁਦਾ ਨੂੰ ਨਹੀ ਦਿਖਾ ਸਕਦਾ, ਉਹ ਝੂਠਾ ਹੈ । ਹਰ ਇਕ ਧਰਮ ਜਿਸ ਵਿੱਚ ਬਿਨਾਂ ਪੁਰਾਣਿਆਂ ਕਿੱਸਿਆਂ ਦੇ ਹੋਰ ਕੁਝ ਨਹੀ, ਉਹ ਝੂਠਾ ਹੈ।

# ਕਿੱਸਿਆਂ ਤੇ ਖ਼ੁਸ਼ ਨ ਹੋਵੋ ।

ਖ਼ੁਦਾ ਜਿਵੇਂ ਪਹਿਲਾਂ ਸੀ, ਉਹ ਹੁਣ ਵੀ ਹੈ ਅਤੇ ਉਸ ਦੀਆਂ ਕੁਦਰਤਾਂ ਜਿਸ ਤਰ੍ਹਾਂ ਪਹਿਲਾਂ ਸਨ ਉਹ ਹੁਣ ਵੀ ਹਨ। ਉਹ ਚਮਤਕਾਰ ਵਿਖਾਉਣ ਤੇ ਜਿਸ ਤਰਾਂ ਪਹਿਲਾਂ ਤਾਕਤ ਰਖਦੀ ਸੀ ਉਹ ਹੁਨ ਵੀ ਰਖਦਾ ਹੈ ਫ਼ੇਰ ਤੁਸੀ ਕਿਉ ਕਿੱਸਿਆ ਤੇ ਖ਼ੁਸ਼ ਹੁੰਦੇ ਹੋ ਉਹ ਧਰਮ ਨਸ਼ਟ ਹੋ ਚੁਕਿਆ ਹੈ ਜਿਸ ਦੇ ਚਮਤਕਾਰ ਕੇਵਲ ਕਿੱਸੇ ਹਨ ਜਿਸ ਦਿਆਂ ਭਵਿਖਬਾਣੀਆਂ ਕੇਵਲ ਕਿੱਸੇ ਹਨ ਉਹ ਜਮਾਤ ਨਸ਼ਟ ਹੋ ਚੁਕੀ ਹੈ ਜਿਸ ਤੇ ਖ਼ੁਦਾ ਨਹੀਂ ਉਤਰਦਾ ਅਤੇ ਜੋ ਵਿਸ਼ਵਾਸ ਦੁਆਰਾ ਖ਼ੁਦਾ ਦੇ ਹੱਥੋਂ ਪਾਕ ਨਹੀ ਹੋਈ । ਜਿਸ ਤਰਾਂ ਇਨਸਾਨ ਮਨੋਕਾਮਨਾਵਾਂ ਦੇ ਸਾਮਾਨ ਦੇਖਕੇ ਉਹਨਾਂ ਵਲ ਖਿੱਚਿਆ ਜਾਂਦਾ ਹੈ ਉਸੇ ਪ੍ਰਕਾਰ ਇਨਸਾਨ ਜਦ ਰੂਹਾਨੀ ਮਜ਼ੇ ਯਕੀਨ ਰਾਹੀਂ ਹਾਸਲ ਕਰਦਾ ਹੈ ਤਾਂ ਉਹ ਖ਼ੁਦਾ ਵਲ ਖਿਚਿਆ ਜਾਂਦਾ ਹੈ ਅਤੇ ਉਸ ਦਾ ਹੁਸਨ ਉਸਨੂੰ ਅਜਿਹਾ ਮਸਤ ਕਰ ਦਿੰਦਾ ਹੈ ਕਿ ਦੂਜੀਆਂ ਸਾਰੀਆਂ ਚੀਜ਼ਾਂ ਉਸਨੂੰ ਬਿਲਕੁਲ ਰੱਦੀ ਵਿਖਾਈ ਦਿੰਦਿਆਂ

ਹਨ ਅਤੇ ਇਨਸਾਨ ਉਸੇ ਸਮੇਂ ਪਾਪ ਤੋ ਮੁਕਤੀ ਪਾਂਦਾ ਹੈ। ਜਦ ਕਿ ਉਹ ਖ਼ੁਦਾ ਦੀ ਕੁਦਰਤ ਅਤੇ ਦੰਡ-ਫ਼ਲ ਦੇਣ ਦੀ ਸ਼ਕਤੀ ਦਾ ਵਿਸ਼ਵਾਸ ਤੇ ਪੂਰਨ ਜਾਣਕਾਰੀ ਹਾਸਲ ਕਰਦਾ ਹੈ। ਹਰ ਇਕ ਨਿਡਰਤਾ ਦੀ ਜੜ ਅਣਜਾਣ-ਕਾਰੀ ਹੈ ਜਿਹੜਾ ਮਨੁੱਖ ਖ਼ੁਦਾ ਦੀ ਵਿਸ਼ਵਾਸ ਜਨਕ ਜਾਣਕਾਰੀ ਤੋ ਭਾਗ ਲੈਦਾ ਹੈ ਉਹ ਨਿਡਰ ਨਹੀਂ ਰਹਿ ਸਕਦਾ ਜੇਕਰ ਘਰ ਦਾ ਮਾਲਿਕ ਜਾਣਦਾ ਹੈ ਕਿ ਤੇਜ਼ ਹੱੜ ਨੇ ਉਸਦੇ ਘਰ ਵਲ ਰੁਖ਼ ਕੀਤਾ ਹੈ ਜਾਂ ਉਸਦੇ ਘਰ, ਦੇ ਚਾਰ-ਚੁਫ਼ੇਰੇ ਅੱਗ ਲੱਗ ਚੁਕੀ ਹੈ ਅਤੇ ਕੇਵਲ ਥੋੜੀ ਜੀਹੀ ਥਾਂ ਬਾਕੀ ਹੈ, ਤਾਂ ਉਹ ਉਸ ਘਰ ਚ ਨਹੀ ਠਹਿਰ ਸਕਦਾ, ਤਾਂ ਫ਼ਿਰ ਤੁਸੀ ਖ਼ੁਦਾ ਦੀ ਦੰਡ-ਫ਼ਲ ਦੀ ਸਜ਼ਾ ਦਾ ਦਾਅਵਾ ਕਰਕੇ ਕਿਸ ਤਰਾਂ ਆਪਨੀ ਖ਼ਤਰਨਾਕ ਹਾਲਤਾਂ ਤੇ ਠਹਿਰ ਰਹੇ ਹੋ ਸੋ ਤੁਸੀਂ ਅੱਖਾਂ ਖੋਲੋ ਅਤੇ ਖ਼ੁਦਾ ਦੇ ਕਾਨੂੰਨ ਨੂੰ ਵੇਖੋ ਜਿਹੜਾ ਸਾਰੀ ਦੁਨੀਆਂ ਵਿੱਚ ਪਾਇਆ ਜਾਂਦਾ ਹੈ। ਚੂਹੇ ਨਾਂ ਬਣੋ, ਜਿਹੜੇ ਠਾਂਹ ਨੂੰ ਜਾਂਦੇ ਹਨ। ਸਗੋਂ ਉੱਚੀਆਂ ਉਡਾਰੀਆਂ ਲਾਉਣ ਵਾਲੇ ਕਬੂਤਰ ਬਣੋ ਜੋ ਅਕਾਸ਼ ਦੀ ਉਚਾਈ ਨੂੰ ਆਪਨੇ ਲਈ ਪਸੰਦ ਕਰਦਾ ਹੈ। ਤੁਸੀਂ ਤੋਬਾ ਕਰਨ ਦੀ ਬੈਅਤ ਕਰਕੇ ਮੁੜ ਪਾਪ ਤੇ ਕਾਇਮ ਨਾ ਰਹੋ। ਅਤੇ ਸੱਪ ਵਾਂਗ ਨਾਂ ਬਣੋ ਜਿਹੜਾ ਖੱਲ ਲਾਹ ਕਿ ਫ਼ੇਰ ਵੀ ਸੱਪ ਹੀ ਰਹਿੰਦਾ ਹੈ ਮੌਤ ਚੇਤੇ ਰੱਖੋ ਕਿ ਤੁਹਾਡੇ ਨੇੜੇ ਆਉਂਦੀ ਜਾਂਦੀ ਹੈ ਅਤੇ ਤੁਸੀ ਉਸ ਤੋਂ ਅਨਜਾਣ ਹੋ। ਕੋਸ਼ਿਸ ਕਰੋ ਕਿ ਪਾਕ ਹੋ ਜਾਓ ਕਿ ਇਨਸਾਨ ਪਾਕ(ਪਵਿੱਤਰ) ਨੂੰ ਉਦੋਂ ਪਾਉਂਦਾ ਹੈ ਜਦ ਆਪ ਪਾਕ ਹੋ ਜਾਵੇ।

## ਪਾਕ ਹੋਂਣ ਦਾ ਸਾਧਨ ਉਹ ਨਮਾਜ਼ ਹੈ ਜਿਹੜੀ ਰੋਕੇ ਤੇ ਗਿੜ-ਗਿੜਾ ਕੇ ਪੜ੍ਹੀ ਜਾਵੇ।

ਪਰ ਤੁਸੀ ਇਹ ਨਿਆਮਤ (ਅਰਥਾਤ ਖ਼ੁਦਾ) ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹੋ? ਇਸ ਦਾ ਉਤਰ ਖ਼ੁਦਾ ਨੇ ਆਪ ਦਿੱਤਾ ਹੈ। ਜਿਹਾ ਕਿ ਕੁਰਆਨ ਮਜੀਦ ਵਿੱਚ ਫ਼ਰਮਾਉਦਾ ਹੈ

وَاسْتَعِيْنُوا بِالصَّبْرِ وَالصَّلٰوةِ

## ਵੱਸਤਾਈਨੂੰ ਬਿਸੱਬਰੇ ਵਸੱਲਾਤ

ਅਰਥਾਤ ਨਮਾਜ਼ ਅਤੇ ਸਬਰ ਦੁਆਰਾ ਖ਼ੁਦਾ ਤੋਂ ਸਹਾਇਤਾ ਮੰਗੋ। ਨਮਾਜ਼ ਕੀ ਚੀਜ਼ ਹੈ? ਉਹ ਦੁਆ ਹੈ ਜੋ ਖ਼ੁਦਾ ਨੂੰ ਯਾਦ ਕਰਨ ਉਸ ਦੀ ਉਸਤਤੀ ਕਰਨ ਪਾਕੀਜ਼ਗੀ ਬਿਆਨ ਕਰਨ ਗੁਨਾਹਾਂ ਤੋਂ ਬਖਸ਼ਿਸ਼ ਮੰਗਣ ਅਤੇ ਰਹਿਮਤ ਮੰਗਣ ਲਈ ਖ਼ੁਦਾ ਦੀ ਹਜ਼ੂਰੀ ਵਿੱਚ ਕੀਤੀ ਜਾਂਦੀ ਹੈ ਸੋ ਜਦ ਤੁਸੀ ਨਮਾਜ਼ ਪੜੋ ਤਾਂ ਅਣਜਾਨ ਲੋਕਾਂ ਵਾਂਗ ਆਪਣੀਆਂ ਦੁਆਵਾਂ ਵਿੱਚ ਕੇਵਲ ਅਰਬੀ ਸ਼ਬਦਾਂ ਦੇ ਹੀ ਪਾਬੰਦ ਨਾ ਰਹੋ ਕਿਉਂਕਿ ਉਹਨਾਂ ਦੀ ਨਮਾਜ਼ ਅਤੇ ਉਹਨਾਂ ਦੀ ਬਖਸ਼ਿਸ ਮੰਗਣੀ ਸਭ ਰਸਮਾਂ ਹਨ। ਜਿਹਨਾਂ ਨਾਲ ਯਥਾਰਥਕਤਾ ਨਹੀ ਹੈ, ਪਰ ਜਦ ਤੁਸੀ ਨਮਾਜ਼ ਪੜ੍ਹੋ ਤਾਂ ਕੁਰਆਨ ਤੋਂ ਬਿਨਾ ਜੋ ਖ਼ੁਦਾ ਦਾ ਕਲਾਮ ਹੈ ਅਤੇ ਬਿਨਾਂ ਕਈ ਇਕ ਉਹਨਾਂ ਦੁਆਵਾਂ ਦੇ ਕਿ ਉਹ ਰਸੂਲ ਦਾ ਕਲਾਮ ਹੈ ਬਾਕੀ ਆਪਨੀ ਜ਼ਬਾਨ ਵਿੱਚ ਹੀ ਗਿੜ-ਗਿੜਾ ਕੇ ਦੁਆ ਕਰ ਲਿਆ ਕਰੋ ਤਾਂ ਜੋ ਤੁਹਾਡੇ ਦਿਲਾਂ ਤੇ ਇਸ ਆਜਜ਼ੀ ਇਨਕਸਾਰੀ ਦਾ ਕੁਝ ਪ੍ਰਭਾਵ ਪੈ ਸਕੇ। ਨਮਾਜ਼ ਆਉਣ ਵਾਲੀਆਂ ਮੁਸੀਬਤਾਂ ਦਾ ਇਲਾਜ ਹੈ। ਤੁਸੀ ਨਹੀਂ ਜਾਣਦੇ ਕਿ ਨਵਾਂ ਆਉਣ ਵਾਲਾ ਦਿਨ ਤੁਹਾਡੇ ਲਈ ਕਿਸ ਤਰ੍ਹਾਂ ਦੀਆਂ ਅਲੱਹ ਦੀਆਂ ਤਕਦੀਰਾਂ ਲੈਕੇ ਆਇਗਾ? ਸੋ ਇਸ ਤੋਂ ਪਹਿਲਾਂ ਕਿ ਨਵਾਂ ਦਿਨ ਚੜ੍ਹੇ ਤੁਸੀ ਆਪਣੇ ਮਾਲਕ (ਖ਼ੁਦਾ) ਦੀ ਹਜ਼ੂਰੀ ਵਿੱਚ ਗਿੜ-ਗਿੜਾਓ ਕਿ ਤੁਹਾਡੇ ਲਈ ਭਲਾਈ ਤੇ ਬਰਕਤਾਂ ਦਾ ਦਿਨ ਚੜ੍ਹੇ।

# ਹੇ ਅਮੀਰੋ ! ਅਤੇ ਦੌਲਤ ਮੰਦੋ !

ਹੇ ਅਮੀਰੋ ! ਬਾਦਸ਼ਾਹੋ ! ਅਤੇ ਦੌਲਤ ਮੰਦੋ ਤੁਹਾਡੇ ਵਿੱਚ ਅਜਿਹੇ ਨੇਕ ਲੋਗ ਬਹੁਤ ਹੀ ਘੱਟ ਹਨ, ਜਿਹੜੇ ਖ਼ੁਦਾ ਤੋਂ ਡਰਦੇ ਹਨ ਅਤੇ ਉਸਦੇ ਸਾਰੇ ਮਾਰਗ ਵਿੱਚ ਸਚਿਆਰ ਹਨ, ਬਹੁਤ ਅਜਿਹੇ ਹਨ ਕਿ ਦੁਨੀਆਂ ਦੇ

ਧੰਨ ਦੌਲਤ ਨਾਲ ਦਿਲ ਲਾਉਂਦੇ ਹਨ ਤੇ ਫ਼ੇਰ ਉਸੇ ਵਿੱਚ ਜੀਵਨ ਗੁਜ਼ਾਰ ਦਿੰਦੇ ਹਨ ਅਤੇ ਮੌਤ ਨੂੰ ਚੇਤੇ ਨਹੀ ਰਖਦੇ, ਹਰ ਇਕ ਧੰਨਵਾਨ ਜਿਹੜਾ ਨਮਾਜ਼ ਨਹੀ ਪੜ੍ਹਦਾ ਅਤੇ ਰੱਬ ਤੋਂ ਲਾਪਰਵਾਹ ਹੈ ਉਸ ਦੇ ਸਾਰੇ ਨੌਕਰਾਂ ਚਾਕਰਾਂ ਦਾ ਗੁਨਾਹ ਵੀ **ਉਸ** ਦੀ ਧੌਨ ਤੇ ਹੈ। ਹਰ ਇਕ ਅਮੀਰ ਜਿਹੜਾ ਸ਼ਰਾਬ ਪੀਂਦਾ ਹੈ ਉਸ ਦੀ ਧੌਨ ਤੇ ਉਹਨਂ ਲੋਕਾਂ ਦਾ ਪਾਪ ਵੀ ਹੈ ਜਿਹੜੇ ਉਸਦੇ ਮਾਤਹਿਤ ਹੋਕੇ ਸ਼ਰਾਬ ਪੀਂਦੇ ਹਨ। ਹੇ ਅਕਲ ਮੰਦੋ! ਇਹ ਦੁਨੀਆਂ ਸਦਾ ਦੀ ਥਾਂ ਨਹੀ ਹੈ। ਤੁਸੀ ਸੰਭਲ ਜਾਓ ਤੁਸੀ ਹਰ ਇਕ ਗਲਤ ਮਾਰਗ ਨੂੰ ਤਿਆਗ ਦਿਓ। ਹਰ ਇਕ ਨਸ਼ੀਲੀ ਚੀਜ਼ ਨੂੰ ਛੱਡ ਦਿਓ। ਇਨਸਾਨ ਨੂੰ ਬਰਬਾਦ ਕਰਨ ਵਾਲੀ ਕੇਵਲ ਸ਼ਰਾਬ ਹੀ ਨਹੀ ਸਗੋਂ ਅਫ਼ੀਮ, ਗਾਂਜਾ, ਚਰਸ, ਭੰਗ, ਤਾੜੀ ਅਤੇ ਹਰ ਇਕ ਨਸ਼ਾ ਜਿਹੜਾ ਸਦਾ ਲਈ ਆਦਤ ਬਣਾ ਲਿਆ ਜਾਏ ਉਹ ਦਿਮਾਗ਼ ਨੂੰ ਖ਼ਰਾਬ ਤੇ ਅੰਤ ਵਿੱਚ ਨਸ਼ਟ ਕਰ ਦਿੰਦਾ ਹੈ ਸੋ ਤੁਸੀ ਇਸ ਤੋਂ ਬਚੋ। ਅਸੀ ਨਹੀ ਸਮਝ ਸਕਦੇ ਕਿ ਤੁਸੀ ਇਹਨਾਂ ਚੀਜ਼ਾ ਦੀ ਕਿਊ ਵਰਤੋਂ ਕਰਦੇ ਹੋ ਜਿਹਨਾਂ ਦੀ ਬੁਰਾਈ ਨਾਲ ਹਰ ਵਰ੍ਹੇ ਹਜ਼ਾਰਾਂ ਤੁਹਾਡੇ ਵਰਗੇ ਨਸ਼ੇ ਦੇ ਆਦੀ ਇਸ ਦੁਨਿਆਂ ਤੋਂ ਕੂਚ ਕਰ ਜਾਂਦੇ ਹਨ ਅਤੇ ਪ੍ਰਲੋਕ ਦਾ ਕਸ਼ਟ ਵਖਰਾ ਹੈ- ਪ੍ਰਹੇਜ਼ਗਾਰ ਇਨਸਾਨ ਬਣੋ ਤਾਂ ਤੁਹਾਡੀਆਂ ਉਮਰਾਂ ਵੱਡੀਆਂ ਹੋਣ ਅਤੇ ਤੁਸੀ ਖ਼ੁਦਾ ਤੋਂ ਬਰਕਤ ਪਾਓ ਹੱਦੋਂ ਬਹੁਤਾ ਅੱਯਾਸ਼ੀ ਵਿੱਚ ਜ਼ਿੰਦਗੀ ਬਤੀਤ ਕਰਨਾਂ ਲ੍ਹਨਤੀ ਜ਼ਿੰਦਗੀ ਹੈ, ਹੱਦੋਂ ਬਹੁਤ ਬੁਰਾ ਆਚਰਨ ਰਖਣਾ ਅਤੇ ਬਹੁਤਾ ਬੇਰਹਿਮ ਹੋਣਾਂ ਲ੍ਹਨਤੀ ਜ਼ਿੰਦਗੀ ਹੈ। ਹੱਦੋਂ ਵਧੇਰੇ ਖ਼ੁਦਾ ਤੇ ਉਸ ਦੇ ਬੰਦਿਆਂ ਦੀ ਹਮਦਰਦੀ ਤੋਂ ਬੇ-ਪਰਵਾਹ ਹੋਣਾ ਲ੍ਹਨਤੀ ਜ਼ਿੰਦਗੀ ਹੈ।

ਹਰ ਇਕ ਅਮੀਰ (ਦੌਲਤਮੰਦ) ਖ਼ੁਦਾ ਦੇ ਹਕੂਕ ਅਤੇ ਇਨਸਾਨਾਂ ਦੇ ਹਕੂਕ ਬਾਰੇ ਅਜਿਹਾ ਹੀ ਪੁਛਿਆ ਜਾਇਗਾ, ਜਿਹਾ ਕਿ ਇਕ ਫ਼ਕੀਰ (ਗ਼ਰੀਬ), ਸਗੋਂ ਉਸ ਤੋਂ ਵੀ ਵਧਕੇ। ਸੋ ਕਿੰਨਾ ਹੀ ਬਦਕਿਸਮਤ ਹੈ ਉਹ ਇਨਸਾਨ ਜੋ ਇਸ ਛੋਟੀ ਜ਼ਿੰਦਗੀ ਤੇ ਭਰੋਸਾ ਕਰਕੇ ਖ਼ੁਦਾ ਤੋਂ ਓਂਕਾ ਹੀ ਮੂੰਹ ਮੋੜ ਲੈਂਦਾ ਹੈ ਅਤੇ ਖ਼ੁਦਾ ਦੀਆਂ ਮਨ੍ਹਾਂ ਕੀਤੀਆਂ ਚੀਜ਼ਾ ਨੂੰ

ਅਜਿਹੀ ਨਿਡਰਤਾ ਨਾਲ ਵਰਤੋਂ ਕਰਦਾ ਹੈ ਕਿ ਉਹ ਹਰਾਮ ਉਸ਼ ਲਈ ਹਲਾਲ ਹੈ। ਗੁੱਸੇ ਦੀ ਹਾਲਤ ਵਿੱਚ ਪਾਗ਼ਲਾਂ ਵਾਂਗ ਕਿਸੇ ਨੂੰ ਗਾਲ੍ਹ ਕਿਸੇ ਨੂੰ ਜ਼ਖਮੀ ਅਤੇ ਕਿਸੇ ਨੂੰ ਕਤਲ ਕਰਨ ਲਈ ਤਿਆਰ ਹੋ ਜਾਂਦਾ ਹੈ। ਅਤੇ ਸ਼ਹਵਾਤ ਦੇ ਜੋਸ਼ ਵਿੱਚ ਬੇਹਯਾਈ ਦੇ ਢੰਗਾਂ ਨੂੰ ਅੰਤ ਤਕ ਪਹੁੰਚਾ ਦਿੰਦਾ ਹੈ। ਸੋ ਉਹ ਸੱਚੀ ਖ਼ੁਸਹਾਲੀ ਨਹੀਂ ਪਾਇਗਾ ਇੱਥੋਂ ਤਕ ਕਿ ਮਰੇਗਾ। ਹੇ ਸਜਣੋ! ਮਿਤਰੋ!! ਤੁਸੀ ਥੋੜੇ ਦਿਨਾਂ ਲਈ ਦੁਨੀਆਂ ਵਿੱਚ ਆਏ ਹੋ ਅਤੇ ਉਹ ਵੀ ਬਹੁਤ ਕੁੱਝ ਲੰਘ ਗਏ, ਸੋ ਆਪਣੇ ਮਾਲਕ ਨੂੰ ਨਰਾਜ਼ ਨਾ ਕਰੋ ਇਕ ਇਨਸਾਨੀ ਸਰਕਾਰ ਜਿਹੜੀ ਤੁਹਾਥੋਂ ਤਕੜੀ ਹੋਵੇ ਜੇਕਰ ਤੁਹਾਥੋਂ ਨਰਾਜ਼ ਹੋਏ ਤਾਂ ਉਹ ਤੁਹਾਨੂੰ ਨੱਸ਼ਟ ਕਰ ਸਕਦੀ ਹੈ ਸੋ ਤੁਸੀ ਸੋਚ ਲਓ ਕਿ ਖ਼ੁਦਾ ਦੀ ਨਰਾਜ਼ਗੀ ਤੋਂ ਤੁਸੀ ਕਿਵੇਂ ਬਚ ਸਕਦੇ ਹੋ? ਜੇਕਰ ਤੁਸੀਂ ਖ਼ੁਦਾ ਦੀਆਂ ਅੱਖਾਂ ਸਾਹਮਨੇ ਸੰਜਮੀ ਠਹਿਰ ਜਾਓ, ਤਾਂ ਤੁਹਾਨੂੰ ਕੋਈ ਵੀ ਤਬਾਹ ਨਹੀਂ ਕਰ ਸਕਦਾ ਅਤੇ ਉਹ ਆਪ ਤੁਹਾਡੀ ਰਖਿਆ ਕਰੇਗਾ ਅਤੇ ਜਿਹੜਾ ਦੁਸ਼ਮਨ ਤੁਹਾਡੀ ਜਾਣ ਲੈਣ ਲਈ ਪਿੱਛੇ ਪਿਆ ਹੈ ਉਹ ਤੁਹਾਡੇ ਤੇ ਕਾਬੂ ਨਹੀਂ ਪਾ ਸਕੇਗਾ। ਨਹੀਂ ਤਾਂ ਤੁਹਾਡੀ ਜਾਨ ਦਾ ਕੋਈ ਰਖਿਅਕ ਨਹੀ ਅਤੇ ਤੁਸੀ ਦੁਸ਼ਮਨਾਂ ਤੋਂ ਡਰਕੇ ਅਤੇ ਮੁਸੀਬਤਾਂ ਵਿੱਚ ਫ਼ਸਕੇ ਬੇਚੈਨੀ ਨਾਲ ਜ਼ਿੰਦਗੀ ਬਤੀਤ ਕਰੋਗੇ ਅਤੇ ਤੁਹਾਡੇ ਜ਼ਿੰਦਗੀ ਦੇ ਆਖਰੀ ਦਿਨ ਗ਼ੁਸੇ ਦੀ ਹਾਲਤ ਵਿੱਚ ਲੰਘਨਗੇ। ਖ਼ੁਦਾ ਉਹਨਾਂ ਲੋਕਾਂ ਦੀ ਪਨਾਹ ਹੋ ਜਾਂਦਾ ਹੈ। ਜਿਹੜੇ ਉਸ ਦੇ ਨਾਲ ਹੋ ਜਾਂਦੇ ਹਨ। ਸੋ ਖ਼ੁਦਾ ਵਲ ਆ ਜਾਓ ਅਤੇ ਹਰ ਇਕ ਵਿਰੋਧਤਾ ਉਸ ਦੀ ਛੱਡ ਦਿਓ ਅਤੇ ਉਸ ਦੇ ਬੰਦਿਆਂ ਤੇ ਜ਼ਬਾਨ ਨਾਲ ਜਾਂ ਹੱਥ ਨਾਲ ਜ਼ੁਲਮ ਨਾ ਕਰੋ ਅਤੇ ਖ਼ੁਦਾ ਦੇ ਕਹਿਰ ਤੇ ਨਰਾਜ਼ਗੀ ਤੋਂ ਡਰਦੇ ਰਹੋ ਕਿ ਇਹੀ ਮੁੱਕਤੀ ਦੀ ਰਾਹ ਹੈ।

# ਹੇ ਇਸਲਾਮ ਦੇ ਵਿਦਵਾਨੋ!

ਹੇ ਇਸਲਾਮ ਦੇ ਵਿਦਵਾਨੋ! ਮੈਨੂੰ ਝੁਠਲਾਉਣ ਵਿੱਚ ਕਾਲ੍ਹੀ ਨਾ ਕਰੋ ਕਿ ਬਹੁਤ ਭੇਦ ਅਜਿਹੇ ਹੁੰਦੇ ਹਨ, ਕਿ ਇਨਸਾਨ ਦੀ ਸਮਝ ਵਿੱਚ

ਛੇਤੀ ਨਹੀਂ ਆਉਦੇ ਗੱਲ ਨੂੰ ਸੁੱਣਕੇ ਉਸੇ ਵੇਲੇ ਸੁੱਟ ਦੇਣ ਲਈ ਤਿਆਰ ਨਾ ਹੋ ਜਾਓ, ਕਿ ਇਹ ਸੰਜੰਮਤਾ ਦਾ ਤਰੀਕ (ਮਾਰਗ) ਨਹੀ ਹੈ, ਜੇਕਰ ਤੁਹਾਡੇ ਵਿੱਚ ਕਈ ਇਕ ਗਲਤੀਆਂ ਨਾ ਹੁੰਦਿਆਂ ਅਤੇ ਜੇਕਰ ਤੁਸੀਂ ਕਈ ਇਕ ਹਦੀਸਾਂ ਦੇ ਅਰਥ ਉਲਟੇ ਨਾ ਸਮਝੇ ਹੁੰਦੇ ਤਾਂ ਮਸੀਹ ਮੌਊਦ ਦਾ, ਜਿਹੜਾ ਕਿ ਹਕਮ (ਫ਼ੈਸਲਾ ਕਰਨ ਵਾਲਾ) ਹੈ ਆਉਣਾ ਬੇਕਾਰ ਸੀ, ਜਿਸ ਕੰਮ ਲਈ ਆਪ ਲੋਕਾਂ ਦੇ ਅਕੀਦਿਆਂ ਅਨੁਸਾਰ ਮਸੀਹ ਇਬਨੇ ਮਰਿਯਮ ਅਸਮਾਨ ਤੋਂ ਆਇਗਾ ਅਰਥਾਤ ਇਹ ਕਿ ਮਹਿਦੀ ਨਾਲ ਮਿਲਕੇ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਕਰਨ ਲਈ ਜੰਗ ਕਰੇਗਾ। ਇਹ ਇਕ ਅਜਿਹਾ ਅਕੀਦਾ (ਵਿਚਾਰ) ਹੈ ਜਿਹੜਾ ਇਸਲਾਮ ਨੂੰ ਬਦਨਾਮ ਕਰਦਾ ਹੈ। ਕੁਰਆਨ ਸ਼ਰੀਫ਼ ਵਿੱਚ ਕਿੱਥੇ ਲਿਖਿਆ ਹੈ, ਕਿ ਧਰਮ ਲਈ ਜ਼ਬਦਸਤੀ ਦਰੁਸਤ ਹੈ। ਸਗੋਂ ਖ਼ੁਦਾ ਤਆਲਾ ਤਾਂ ਕੁਰਆਨ ਸ਼ਰੀਫ਼ ਵਿੱਚ ਫ਼ਰਮਾਉਦਾ ਹੈ:-

لَا إِكْرَاهَ فِي الدِّينِ

**ਲਾ ਇੱਕਰਾਹਾ ਫ਼ਿੱਦੀਨ**

ਅਰਥਾਤ ਧਰਮ ਵਿੱਚ ਜ਼ਬਰਦਸਤੀ ਨਹੀਂ ਹੈ ਫ਼ੇਰ ਮਸੀਹ ਇਬਨਿ ਮਰਿਯਮ ਨੂੰ ਜ਼ਬਰਦਸਤੀ ਦਾ ਇਖਤਿਆਰ ਕਿਉਂ ਦਿੱਤਾ ਜਾਇਗਾ? ਸਾਰਾ ਕੁਰਆਨ ਬਾਰ-ਬਾਰ ਕਹਿ ਰਿਹਾ ਹੈ ਕਿ ਧਰਮ ਵਿੱਚ ਜਬਰ ਨਹੀ ਅਤੇ ਸਾਫ਼ ਤੌਰ ਤੇ ਇਹ ਪਰਗਟ ਕਰ ਰਿਹਾ ਹੈ ਕਿ ਜਿਹਨਾਂ ਲੋਕਾਂ ਨਾਲ ਆਂਹਜ਼ਰਤ ਸੱਲ-ਲੱਲਾਹੁ ਅਲੈਹਿ ਵਸੱਲਮ ਦੇ ਸਮੇ ਲੜਾਈਆਂ ਕੀਤੀਆਂ ਗਈਆਂ ਸਨ ਉਹ ਧਰਮ ਨੂੰ ਜ਼ਬਰਦਸਤੀ ਫ਼ੈਲਾਉਨ ਲਈ ਨਹੀ ਸਨ, ਸਗੋਂ:-

(੧) ਜਾਂ ਤਾਂ ਦੰਢ ਦੇ ਤੋਰ ਤੇ ਸਨ। ਅਰਥਾਤ ਉਹਨਾਂ ਲੋਕਾਂ ਨੂੰ ਦੰਢ ਦੇਣਾ ਮਨਜ਼ੂਰ ਸੀ ਜਿਨਾਂ ਨੇ ਮੁਸਲਮਾਨਾਂ ਦੀ ਇੱਕ ਵੱਡੀ ਜਮਾਅਤ ਨੂੰ ਕਤਲ ਕਰ ਦਿੱਤਾ ਜਾਂ ਕਈਆਂ ਨੂੰ ਮੁਲਕ ਚੋਂ ਕੱਢ ਦਿੱਤਾ ਸੀ ਅਤੇ ਅਤਿ ਕੜੇ ਅਤਿਆਚਾਰ ਕੀਤੇ ਸੀ ਜਿਹਾ ਕਿ ਅਲੱਾਹ ਤਆਲਾ ਫ਼ਰਮਾਉਂਦਾ ਹੈ

أُذِنَ لِلَّذِينَ يُقَاتَلُونَ بِأَنَّهُمْ ظُلِمُوا وَإِنَّ اللَّهَ عَلَىٰ نَصْرِهِمْ لَقَدِيرٌ

**ਓਜ਼ੇਨਾ ਲਿੱਲਜ਼ੀਨਾ ਯੁਕਾਤਲੂਨਾ ਬੇ ਅੰਨਾਹੁੰਮ ਜ਼ੋਲੇਮੂ ਵ-ਇਨੱਲਾਹਾ ਅਲਾ ਨੱਸਰੇਹਿੱਮ-ਲ-ਕਦੀਰ**

ਅਰਥਾਤ, ਉਹਨਾਂ ਮੁਸਲਮਾਨਾਂ ਨੂੰ ਜਿਹਨਾਂ ਨਾਲ ਕਾਫ਼ਿਰ ਯੁੱਧ ਕਰਦੇ ਹਨ ਇਸ ਕਾਰਨ ਕਿ ਉਹ ਮਜ਼ਲੂਮ (ਜਿਨਾਂ ਤੇ ਜ਼ੁਲਮ ਕੀਤਾ ਗਿਆ ਹੈ) ਹਨ ਮੁਕਾਬਲਾ ਕਰਨ ਦੀ ਆਗਿਆ ਦਿੱਤੀ ਗਈ ਹੈ ਅਤੇ ਖ਼ੁਦਾ ਕਾਦਿਰ ਹੈ ਕਿ ਉਹਨਾਂ (ਮੁਸਲਮਾਨਾਂ) ਦੀ ਸਹਾਇਤਾ ਕਰੇ ਜਾਂ –

(੨) ਉਹ ਯੁੱਧ ਹਨ ਜੋ ਅਪਣੇ ਬਚਾਓ ਲਈ ਕੀਤੇ ਗਏ ਸਨ। ਅਰਥਾਤ, ਜੇਹੜੇ ਲੋਕ ਇਸਲਾਮ ਨੂੰ ਮਿਟਾਉਣ ਲਈ ਅਗੇ ਵਧਦੇ ਸਨ, ਜਾਂ ਆਪਣੇ ਦੇਸ਼ ਵਿੱਚ ਇਸਲਾਮ ਨੂੰ ਫ਼ੈਲਾਉਣ ਤੋਂ ਰੋਕਦੇ ਸਨ। ਉਹਨਾਂ ਨਾਲ ਆਪਣਾ ਬਚਾਓ ਕਰਨ ਲਈ ਲੜਾਈ ਕੀਤੀ ਜਾਂਦੀ ਸੀ ਅਤੇ ਜਾਂ

(੩) ਦੇਸ਼ ਵਿੱਚ ਅਜ਼ਾਦੀ ਪੈਦਾ ਕਰਨ ਲਈ ਯੁੱਧ ਕੀਤੇ ਜਾਂਦੇ ਸਨ ਸਿਵਾਏ ਇਹਨਾਂ ਤਿੰਨ ਸੂਰਤਾਂ ਦੇ ਆਂਹਜ਼ਰਤ ਸੱਲੱਲਾਹੁ ਅਲੈਹਿਵਸੱਲਮ ਅਤੇ ਆਪ ਦੇ ਬਜ਼ੁਰਗ ਖ਼ਲੀਫ਼ਿਆਂ ਨੇ ਕੋਈ ਲੜਾਈ ਨਹੀਂ ਕੀਤੀ। ਸਗੋਂ ਇਸਲਾਮ ਨੇ ਤੇ ਦੂਜੀਆਂ ਕੋਮਾਂ ਦੇ ਅਤਿਆਚਾਰਾਂ ਨੂੰ ਇੰਨਾ ਸਹਿਨ ਕੀਤਾ ਕਿ ਉਸਦੀ ਉਦਾਹਰਨ ਦੂਜਿਆਂ ਕੋਮਾਂ ਵਿੱਚ ਨਹੀ ਮਿਲਦੀ। ਫ਼ਿਰ ਇਹ ਮਸੀਹ ਅਤੇ ਮਹਿਦੀ ਸਾਹਿਬ ਕਿਸ ਤਰ੍ਹਾਂ ਦੇ ਹੋਣਗੇ ਕਿ ਪ੍ਰਗਟ ਹੁੰਦੇ ਹੀ ਲੋਕਾਂ ਨੂੰ ਕਤਲ ਕਰ ਦੇਣਾਂ ਸ਼ੁਰੂ ਕਰ ਦੇਣਗੇ।

# ਮੁਲਕ ਦੇ ਗੱਦੀ ਨਸ਼ੀਨ ਅਤੇ ਪੀਰ ਜ਼ਾਦੇ

ਅਜਿਹਾ ਹੀ ਇਸ ਮੁਲਕ ਦੇ ਗੱਦੀ ਨਸ਼ੀਲ ਅਤੇ ਪੀਰਜ਼ਾਦੇ ਦੀਨ ਤੋਂ ਅਜਿਹੇ ਸੰਬਧ ਤੋੜ ਚੁੱਕੇ ਹਨ ਅਤੇ ਆਪਣੀਆਂ ਬਿੱਦਤਾ (ਅਜਿਹੇ ਰਸਮੋ ਰਿਵਾਜ ਜੋ ਇਸਲਾਮ ਵਿੱਚ ਨਹੀਂ ਹਨ) ਵਿੱਚ ਦਿਨ ਰਾਤ ਅਜਿਹੇ

ਰੁੱਝੇ ਹੋਏ ਹਨ ਕਿ ਉਹਨਾਂ ਨੂੰ ਇਸਲਾਮ ਦੀ ਮੁਸ਼ਕਲਾਂ ਅਤੇ ਮੁਸੀਬਤਾਂ ਦੀ ਕੁਝ ਵੀ ਖ਼ਬਰ ਨਹੀਂ ਉਹਨਾਂ ਦੀਆਂ ਮਜਲਿਸਾਂ ਵਿੱਚ ਜੇ ਜਾਓ ਤਾਂ ਕੁਰਆਨ ਸ਼ਰੀਫ਼ ਅਤੇ ਹਦੀਸਾਂ ਦੀ ਥਾਂ ਵਖ-ਵਖ ਪ੍ਰਕਾਰ ਦੇ ਤਨਬੂਰੇ ਸਾਰੰਗੀਆਂ ਅਤੇ ਢੋਲਕੀਆਂ ਤੇ ਕਵੱਾਲ ਆਦਿ ਬਿੱਦਤਾਂ ਦੀਆਂ ਚੀਜਾਂ ਨਜ਼ਰ ਆਉਣ ਗੀਆਂ ਅਤੇ ਇਸ ਦੇ ਹੁੰਦਿਆਂ ਵੀ ਉਹ ਲੋਕ ਮੁਸਲਮਾਨਾਂ ਦੇ ਇਮਾਮ ਹੋਣ ਦਾ ਦਾਅਵਾ ਅਤੇ ਨਬੀ ਦੇ ਪਿਛੇ ਚਲਣ ਦੀ ਬੜ੍ਹ ਮਾਰਦੇ ਹਨ।

ਹਰ ਇਕ ਆਖ ਸਕਦਾ ਹੈ ਕਿ ਮੈ ਰੱਬ ਨਾਲ ਪਿਆਰ ਕਰਦਾ ਹਾਂ, ਪਰ ਰੱਬ ਨਾਲ ਪਿਆਰ ਉਹ ਕਰਦਾ ਹੈ ਜਿਸ ਦਾ ਪਿਆਰ ਅਸਮਾਨੀ ਗਵਾਹੀ ਨਾਲ ਸਿੱਧ ਹੋਵੇ ਅਤੇ ਹਰ ਇਕ ਕਹਿੰਦਾ ਹੈ ਕਿ ਮੇਰਾ ਧਰਮ ਸੱਚਾ ਹੈ, ਪਰ ਸੱਚਾ ਮਜ਼ਹਬ ਉਸ ਮਨੁੱਖ ਦਾ ਹੈ ਜਿਸ ਨੂੰ ਏਸੇ ਸੰਸਾਰ ਵਿੱਚ ਨੂਰ ਮਿਲਦਾ ਹੈ ਅਤੇ ਹਰ ਇਕ ਆਖਦਾ ਹੈ ਕਿ ਮੈਨੂੰ ਨਜਾਤ (ਮੁਕਤੀ) ਮਿਲੇਗੀ, ਪਰ ਇਸ ਗੱਲ ਵਿਚ ਸੱਚਾ ਉਹ ਹੈ ਜੋ ਏਸੇ ਦੁਨੀਆਂ ਵਿੱਚ ਨਜਾਤ (ਮੁਕਤੀ ) ਦੇ ਨੂਰ ਵੇਖ ਲੈਂਦਾ ਹੈ।

## ਪਿਆਰਿਓ! ਇਹ ਧਰਮ ਦੀ ਸੇਵਾ ਦਾ ਸਮਾਂ ਹੈ!

ਪਿਆਰਿਓ! ਇਹ ਧਰਮ ਤੇ ਧਰਮ ਦੀਆਂ ਲੋੜਾਂ ਤੇ ਸੇਵਾ ਦਾ ਸਮਾਂ ਹੈ, ਇਸ ਸਮੇਂ ਨੂੰ ਯੋਗ ਸਮਝੋ ਕਿ ਫ਼ਿਰ ਕਦੇ ਹੱਥ ਨਹੀਂ ਆਇਗਾ ਤੁਸੀ ਅਜਿਹੇ ਬਰਗੁਜ਼ੀਦਾ ਨਬੀ ਦੇ ਅਗਿਆਕਾਰੀ ਹੋ ਤੇ ਹਿੰਮੱਤ ਕਿਉ ਹਾਰਦੇ ਹੋ? ਤੁਸੀ ਅਪਣੇ ਉਹ ਨਮੂਨੇ ਦਿਖਾਓ ਜੋ ਫ਼ਰਿਸਤੇ ਵੀ ਅਕਾਸ਼ ਤੇ ਤੁਹਾਡੀ ਸਚੱਾਈ ਤੇ ਪਵਿੱਤਰਤਾ ਤੋਂ ਹੈਰਾਨ ਹੋ ਜਾਣ ਅਤੇ ਤੁਹਾਡੇ ਤੇ ਦਰੂਦ ਭੇਜਣ।

ਹੁਣ ਮੈ ਸਮਾਪਤ ਕਰਦਾ ਹਾਂ, ਅਤੇ ਦੁਆ (ਅਰਦਾਸ) ਕਰਦਾ ਹਾਂ ਕਿ ਮੇਰੀ ਇਹ ਸਿੱਖਿਆ ਤੁਹਡੇ ਲਈ ਲਾਭਦਾਇਕ ਹੋਵੇ ਅਤੇ ਤੁਹਾਡੇ ਦਿਲਾਂ ਵਿੱਚ ਅਜਿਹੀ ਤਬਦੀਲੀ ਪੈਦਾ ਹੋ ਜਾਵੇ ਕਿ ਤੁਸੀ ਧਰਤੀ ਦੇ ਸਤਾਰੇ

ਬਣ ਜਾਓ ਅਤੇ ਧਰਤੀ ਉਸ ਨੂਰ ਤੋਂ ਰੌਸ਼ਨ ਹੋ ਜਾਏ ਜਿਹੜਾ ਕਿ ਤੁਹਾਨੂੰ ਤੁਹਾਡੇ ਰੱਬ ਤੋਂ ਮਿਲਿਆ ਹੈ (ਆਮੀਨ)

# ਬੈਅਤ ਦਾ ਪ੍ਰਣ

**ਹਜ਼ਰਤ ਮਿਰਜ਼ਾ ਤਾਹਿਰ ਅਹਿਮਦ ਖ਼ਲੀ-ਫ਼-ਤੁਲ ਮਸੀਹ**

**ਅੱਸਲਾਮੁ ਅਲੈਕੁਮ ਵਰਹਿਮਤੁੱਲਾਹਿ ਵ-ਬ-ਰ-ਕਾਤੁਹੂ**

ਮੈਂ ਬੈਅਤ ਕਰਨ ਦੀਆਂ ਸ਼ਰਤਾਂ ਪੜ੍ਹ ਕੇ ਕ਼ਬੂਲ ਕੀਤੀਆਂ ਹਨ ਅਤੇ ਇਹ ਫ਼ਾਰਮ ਭਰ ਕੇ ਹਜ਼ੂਰ ਦੀ ਸੇਵਾ ਵਿੱਚ ਦਰਖ਼ਾਸਤ ਕਰਦਾ ਹਾਂ/ਕਰਦੀ ਹਾਂ ਕਿ ਮੇਰੀ ਬੈਅਤ ਕ਼ਬੂਲ ਕੀਤੀ ਜਾਵੇ।

اَشْهَدُ اَنْ لَّآ اِلٰهَ اِلَّا اللّٰهُ وَحْدَهٗ لَا شَرِيْكَ لَهٗ وَاَشْهَدُ اَنَّ مُحَمَّدًا عَبْدُهٗ وَرَسُوْلُهٗ

اَشْهَدُ اَنْ لَّآ اِلٰهَ اِلَّا اللّٰهُ وَحْدَهٗ لَا شَرِيْكَ لَهٗ وَاَشْهَدُ اَنَّ مُحَمَّدًا عَبْدُهٗ وَرَسُوْلُهٗ

ਅੱਜ ਮੈਂ ਤਾਹਿਰ ਦੇ ਹੱਥ ਤੇ ਬੈਅਤ ਕਰਕੇ ਅਹਿਮਦੀਆ ਮੁਸਲਿਮ ਜਮਾਅਤ ਵਿੱਚ ਦਾਖ਼ਿਲ ਹੁੰਦਾ ਹਾਂ/ਹੁੰਦੀ ਹਾਂ। ਮੇਰਾ ਪੂਰਾ ਅਤੇ ਪੱਕਾ ਈਮਾਨ ਹੈ ਕਿ ਹਜ਼ਰਤ ਮੁਹੱਮਦ ਰਸੂਲੁੱਲਾਹ ਸਲ-ਲੱਲਾਹੁ ਅਲੈਹਿ ਵਸੱਲਮ ਖ਼ਾਤਮੁੱਨਬੀਯੀਨ ਹਨ। ਮੈਂ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਕ਼ਾਦਿਆਨੀ ਅਲੈਹਿੱਸਲਾਮ ਨੂੰ ਉਹੀ ਇਮਾਮ ਮਹਿਦੀ ਅਤੇ ਮਸੀਹ-ਏ-ਮਾਊਦ ਮੰਨਦਾ ਹਾਂ/ਮੰਨਦੀ ਹਾਂ ਜਿਹਨਾਂ ਦੇ ਆਉਣ ਦੀ ਖ਼ੁਸ਼ਖ਼ਬਰੀ ਹਜ਼ਰਤ ਮੁਹੱਮਦ ਸਲ-ਲੱਲਾਹੁ ਅਲੈਹਿ ਵਸੱਲਮ ਨੇ ਦਿੱਤੀ ਸੀ। ਮੈਂ ਵਚਨ ਦਿੰਦਾ ਹਾਂ/ਦਿੰਦੀ ਹਾਂ ਕਿ ਬੈਅਤ ਦੀਆਂ ਦਸ ਨਿਰਧਾਰਿਤ ਸ਼ਰਤਾਂ ਦਾ ਪਾਲਨ ਕਰਨ ਦੀ ਕੋਸ਼ਿਸ਼ ਕਰਾਂਗਾ/ਕਰਾਂਗੀ। ਦੀਨ (ਧਰਮ) ਨੂੰ ਦੁਨੀਆ ਉੱਪਰ ਮੁਕ਼ੱਦਮ ਰੱਖਾਂਗਾ/ਰੱਖਾਂਗੀ। ਖ਼ਿਲਾਫ਼ਤ-ਏ-ਅਹਿਮਦੀਆ ਦੇ ਪ੍ਰਤੀ ਹਮੇਸ਼ਾ ਵਫ਼ਾਦਾਰ ਰਹਾਂਗਾ/ਰਹਾਂਗੀ ਅਤੇ ਆਪ ਜੀ ਦੇ ਸਾਰੇ ਹੁਕਮਾਂ ਦਾ ਪਾਲਨ ਕਰਨ ਦੀ ਕੋਸ਼ਿਸ਼ ਕਰਾਂਗਾ/ਕਰਾਂਗੀ।

اَسْتَغْفِرُ اللّٰهَ رَبِّيْ مِنْ كُلِّ ذَنْبٍ وَّاَتُوْبُ اِلَيْهِ۔ اَسْتَغْفِرُ اللّٰهَ رَبِّيْ مِنْ كُلِّ ذَنْبٍ وَّاَتُوْبُ اِلَيْهِ۔ اَسْتَغْفِرُ اللّٰهَ رَبِّيْ مِنْ كُلِّ ذَنْبٍ وَّاَتُوْبُ اِلَيْهِ۔ رَبِّ اِنِّيْ ظَلَمْتُ نَفْسِيْ وَاعْتَرَفْتُ بِذَنْبِيْ فَاغْفِرْ لِيْ ذُنُوْبِيْ فَاِنَّهٗ لَا يَغْفِرُ الذُّنُوْبَ اِلَّا اَنْتَ۔

ਹੇ ਮੇਰੇ ਰੱਬ! ਮੈਂ ਆਪਣੀ ਜਾਨ ਤੇ ਜ਼ੁਲਮ ਕੀਤਾ ਅਤੇ ਮੈਂ ਆਪਣੇ ਗੁਨਾਹਾਂ ਦਾ ਇਕ਼ਰਾਰ ਕਰਦਾ ਹਾਂ/ਕਰਦੀ ਹਾਂ। ਤੂੰ ਮੇਰੇ ਗੁਨਾਹ ਬਖ਼ਸ਼ ਦੇ ਕਿਉਂਕਿ ਤੇਰੇ ਬਿਨਾਂ ਕੋਈ ਬਖ਼ਸ਼ਨਹਾਰ ਨਹੀਂ। (ਆਮੀਨ)

| ਲੜੀ ਨੰ: | ਨਾਂ | ਪਿਤਾ ਦਾ ਨਾਂ | ਜਾਤ/ਕਿੱਤਾ | ਉਮਰ | ਮੁਹੱਲਾ | ਡਾਕਖ਼ਾਨਾ | ਜ਼ਿਲ੍ਹਾ | ਕਿਸ ਜਮਾਅਤ ਦਾ ਮੈਂਬਰ ਹੈ | ਹਸਤਾਖ਼ਰ |
|---|---|---|---|---|---|---|---|---|---|
| | | | | | | | | | |

# ਜਮਾਅਤ ਅਹਿਮਦੀਆ ਵਿਚ ਸ਼ਾਮਲ ਹੋਣ ਲਈ

## ਬੈਅਤ ਦੀਆਂ ਸ਼ਰਤਾਂ

### ਬਾਨੀ ਜਮਾਅਤ ਅਹਿਮਦੀਆ ਹਜ਼ਰਤ ਮਸੀਹ ਮੌਊਦ ਅਲੈਹਿੱਸਲਾਮ ਵੱਲੋਂ ਰਚਿਤ।

੧. ਬੈਅਤ ਕਰਣ ਵਾਲਾ ਸੱਚੇ ਮਨ ਨਾਲ ਇਸ ਗੱਲ ਦਾ ਇਕਰਾਰ ਕਰੇ ਕਿ ਭਵਿੱਖ ਵਿੱਚ ਉਸ ਸਮੇਂ ਤਕ ਕਿ ਕ਼ਬਰ ਵਿੱਚ ਦਾਖ਼ਲ ਹੋ ਜਾਵੇ ਸ਼ਿਰਕ ਤੋਂ (ਅਰਥਾਤ ਅਲੱਾਹ ਦੇ ਇਲਾਵਾ ਕਿਸੇ ਹੋਰ ਦੀ ਪੂਜਾ ਕਰਨਾ) ਬਚਦਾ ਰਹੇਗਾ।

੨. ਇਹ ਕਿ ਝੂਠ ਅਤੇ ਵਿਭਚਾਰ ਅਤੇ ਬਦ-ਨਜ਼ਰੀ ਅਤੇ ਹਰ ਇਕ ਦੁਰਾਚਾਰ ਅਤੇ ਜ਼ੁਲਮ ਅਤੇ ਖ਼ਿਆਨਤ ਅਤੇ ਫ਼ਸਾਦ ਅਤੇ ਬਗ਼ਾਵਤ ਦੇ ਤਰੀਕਿਆਂ ਤੋਂ ਬਚਦਾ ਰਹੇਗਾ ਅਤੇ ਨਫ਼ਸਾਨੀ ਖ਼ਾਹਿਸ਼ਾਂ ਦੇ ਸਮੇਂ ਉਨ੍ਹਾਂ ਦਾ ਅਧੀਨ ਨਹੀਂ ਹੋਵੇਗਾ, ਭਾਵੇਂ ਕਿਹੋ ਜਿਹਾ ਵੀ ਜਜ਼ਬਾ ਪੇਸ਼ ਆਵੇ।

੩. ਇਹ ਕਿ ਬਿਲਾ ਨਾਗ਼ਾ ਪੰਜੇ ਵਕ਼ਤ ਨਮਾਜ਼ ਖ਼ੁਦਾ ਅਤੇ ਰਸੂਲ ਦੇ ਹੁਕਮਾਂ ਮੁਤਾਬਕ ਗੁਜ਼ਾਰਦਾ ਰਹੇਗਾ ਅਤੇ ਆਪਣੀ ਤਾਕਤ ਦੇ ਮੁਤਾਬਕ 'ਤਹੱਜੁਦ' ਦੀ ਨਮਾਜ਼ ਪੜ੍ਹਨ ਅਤੇ ਆਪਣੇ ਨਬੀ ਕਰੀਮ ਸਲ-ਲੱਲਾਹੁ ਅਲੈਹਿ ਵਸੱਲਮ ਤੇ 'ਦਰੂਦ' ਭੇਜਣ ਅਤੇ ਆਪਣੇ ਗੁਨਾਹਾਂ ਤੋਂ ਮੁਆਫ਼ੀ ਅਤੇ ਬਖ਼ਸ਼ਿਸ਼ ਮੰਗਣ ਵਿਚ ਲਗਾਤਾਰ ਲੱਗਿਆ ਰਹੇਗਾ ਅਤੇ ਦਿਲੀ ਮੁਹੱਬਤ ਨਾਲ ਖ਼ੁਦਾ ਤਆਲਾ ਦੇ ਅਹਿਸਾਨਾਂ ਨੂੰ ਯਾਦ ਕਰਦੇ ਹੋਏ ਉਸ ਦੇ ਸਿਮਰਨ ਅਤੇ ਉਸਤਤਿ ਨੂੰ ਆਪਣਾ ਨਿਤਨੇਮ ਬਣਾਇਗਾ।

੪. ਇਹ ਕਿ ਆਮ ਤੌਰ ਤੇ ਹਰੇਕ ਪ੍ਰਾਣੀ ਨੂੰ ਅਤੇ ਵਿਸ਼ੇਸ਼ ਕਰ ਕੇ ਮੁਸਲਮਾਨਾਂ ਨੂੰ ਆਪਣੇ ਮਨ ਦੇ ਜੋਸ਼ਾਂ ਸਮੇਂ ਕਿਸੇ ਪ੍ਰਕਾਰ ਦਾ ਦੁੱਖ ਨਹੀਂ ਪਹੁੰਚਾਇਗਾ, ਨਾ ਜ਼ੁਬਾਨ ਨਾਲ, ਨਾ ਹੱਥ ਨਾਲ ਅਤੇ ਨਾ ਹੀ ਕਿਸੇ ਹੋਰ ਢੰਗ ਨਾਲ।

੫. ਇਹ ਕਿ ਹਰ ਅਵਸਥਾ ਖ਼ੁਸ਼ੀ, ਗ਼ਮੀ ਅਤੇ ਤੰਗੀ, ਆਸਾਨੀ ਤੇ ਨੇਅਮਤ ਅਤੇ ਬਲਾ ਵਿਚ ਖ਼ੁਦਾ ਤਆਲਾ ਦੇ ਨਾਲ ਵਫ਼ਾਦਾਰੀ ਕਰੇਗਾ ਅਤੇ ਉਸ ਦੀ ਰਾਹ ਵਿਚ ਹਰੇਕ ਅਪਮਾਨ ਅਤੇ ਦੁੱਖ ਨੂੰ ਕ਼ਬੂਲ ਕਰਣ ਲਈ ਤਿਆਰ ਰਹੇਗਾ ਅਤੇ ਕਿਸੇ ਪ੍ਰਕਾਰ ਦੀ ਮੁਸੀਬਤ ਆਉਣ ਵੇਲੇ ਮੂੰਹ ਨਹੀਂ ਫ਼ੇਰੇਗਾ ਸਗੋਂ ਅੱਗੇ ਕ਼ਦਮ ਵਧਾਏਗਾ।

੬. ਇਹ ਕਿ (ਭੈੜੇ) ਰਸਮੋ-ਰਿਵਾਜਾਂ ਦੀ ਪਾਲਣਾ ਅਤੇ ਵਾਸਨਾ ਦੀ ਗ਼ੁਲਾਮੀ ਤੋਂ ਬਾਜ਼ ਆ ਜਾਵੇਗਾ ਅਤੇ ਕ਼ੁਰਆਨ ਸ਼ਰੀਫ਼ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਕ਼ਬੂਲ ਕਰ ਲਏਗਾ ਅਤੇ ਅਲੱਾਹ ਅਤੇ ਉਸ ਦੇ ਰਸੂਲ ਦੇ ਸਾਰੇ ਹੁਕਮਾਂ ਨੂੰ ਆਪਣੇ ਜੀਵਨ ਦੇ ਹਰੇਕ ਮਾਰਗ ਵਿਚ ਆਪਣਾ ਅਸੂਲ ਬਣਾ ਲਵੇਗਾ।

੭. ਇਹ ਕਿ ਹਉਮੈਂ ਅਤੇ ਹੰਕਾਰ ਨੂੰ ਪੂਰੀ ਤਰ੍ਹਾਂ ਤਿਆਗ ਦੇਵੇਗਾ ਅਤੇ ਨਿਮਰਤਾ ਅਤੇ ਸਦਾਚਾਰ ਅਤੇ ਹਲੀਮੀ ਅਤੇ ਮਸਕੀਨੀ ਨਾਲ ਜ਼ਿੰਦਗੀ ਗੁਜ਼ਾਰੇਗਾ।

੮. ਇਹ ਕਿ ਧਰਮ ਅਤੇ ਧਰਮ ਦੀ ਇਜ਼ੱਤ ਅਤੇ ਇਸਲਾਮ ਦੀ ਹਮਦਰਦੀ ਨੂੰ ਆਪਣੀ ਔਲਾਦ ਅਤੇ ਆਪਣੇ ਹਰ ਇਕ ਪਿਆਰੇ ਤੋਂ ਪਿਆਰੇ ਸੰਬੰਧੀ ਤੋਂ ਵੀ ਵਧੇਰੇ ਪਿਆਰਾ ਸਮਝੇਗਾ।

੯. ਇਹ ਕਿ ਅਲੱਾਹ ਦੀ ਮਖ਼ਲੂਕ਼ ਦੀ ਹਮਦਰਦੀ ਵਿਚ ਕੇਵਲ ਅਲੱਾਹ ਦੀ ਰਜ਼ਾ ਲਈ ਜੁੱਟਿਆ ਰਹੇਗਾ ਅਤੇ ਜਿੱਥੋਂ ਤਕ ਵੱਸ ਚੱਲ ਸਕਦਾ ਹੋਵੇ ਆਪਣੇ ਰੱਬ ਵੱਲੋਂ ਮਿਲੀਆਂ ਸ਼ਕਤੀਆਂ ਅਤੇ ਨੇਅਮਤਾਂ ਤੋਂ ਸੰਪੂਰਨ ਲੋਕਾਈ ਨੂੰ ਲਾਭ ਪਹੁੰਚਾਏਗਾ।

੧੦. ਇਹ ਕਿ ਇਸ ਆਜਿਜ਼ ਨਾਲ ਪ੍ਰੇਮ ਸੰਬੰਧ, ਕੇਵਲ ਅਲੱਾਹ ਦੇ ਵਾਸਤੇ, ਚੰਗੇ ਹੁਕਮਾਂ ਦੀ ਪਾਲਣਾ ਦੇ ਦੁਆਰਾ ਸਥਾਪਿਤ ਕਰਕੇ, ਮਰਦੇ ਸਮੇਂ ਤਕ ਉਸ ਤੇ ਕ਼ਾਇਮ ਰਹੇਗਾ ਅਤੇ ਇਨ੍ਹਾਂ ਪ੍ਰੇਮ ਸੰਬੰਧਾਂ ਵਿਚ ਐਸਾ ਵਫ਼ਾਦਾਰ ਹੋਵੇਗਾ ਕਿ ਉਸਦੀ ਉਦਾਹਰਣ ਦੁਨਿਆਵੀ ਰਿਸ਼ਤਿਆਂ ਅਤੇ ਸੰਬੰਧਾਂ ਅਤੇ ਸਾਰੀਆਂ ਖ਼ਾਦਿਮਾਨਾ ਹਾਲਤਾਂ ਵਿੱਚ ਨਾ ਪਾਈ ਜਾਂਦੀ ਹੋਵੇ।

*(ਇਸ਼ਤਿਹਾਰ ਤਕਮੀਲ-ਏ-ਤਬਲੀਗ, ੧੨ ਜਨਵਰੀ ੧੮੮੯ ਈ:)*